
ੴ ਸਤਿਗੁਰ ਪ੍ਰਸਾਦਿ ॥

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਨਿਆਇਕ ਜਾਂਚ

ਅਤੇ

## ਤੁਜ਼ਕਿ ਜਹਾਂਗੀਰੀ ਰੋਜ਼ਾਨਾਮਚੇ ਦੀ ਇਬਾਰਤ ਦਾ ਵਿਸ਼ਲੇਸ਼ਣ



ਨੋਟ: 1. ਗੁਰਦੇਵ ਜੀ ਦੀ ਸ਼ਹੀਦੀ ਦੇ ਸੰਬੰਧ ਵਿੱਚ ਪ੍ਰਕਾਸ਼ਿਤ ਸਾਰੀਆਂ ਤਸਵੀਰਾਂ ਕੋਰੀਆਂ ਕਲਪਾਨਿਕ ਹਨ। ਉਨ੍ਹਾਂ ਵਿੱਚ ਲੇਸ਼ ਮਾਤ੍ਰ ਦੀ ਸਚਾਈ ਨਹੀਂ। ਉਹ ਇਕਦਮ ਝੂਠੀਆਂ ਅਤੇ ਗਲਤ ਬਿਆਨੀ ਕਰ ਰਹੀਆਂ ਹਨ। ਜਿਨ੍ਹਾਂ ਗੱਲਾਂ ਦਾ ਕੋਈ ਅਧਾਰ ਨਹੀਂ, ਕਿਉਂਕਿ ਇਤਿਹਾਸ ਇਨ੍ਹਾਂ ਤਸਵੀਰਾਂ ਦੀ ਪੁਸ਼ਟੀ ਨਹੀਂ ਕਰਦਾ।

ਤਾਂ ਲਓ ਇਤਿਹਾਸਿਕ ਘਟਨਾਂ ਕਰਨ ਨੂੰ ਵਿਸਤਾਰ ਪੂਰਵਕ ਤੱਥਾਂ ਸਹਿਤ ਪੜ੍ਹੋ ਜੀ। ਜਿਸ ਨਾਲ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਸਪਸ਼ਟ ਦ੍ਰਿਸ਼ਟਾਮਾਨ ਹੋ ਜਾਏਗਾਂ। ਗੁਰਬਾਣੀ ਦਾ ਇਸ ਸੰਦ੍ਰਭ ਵਿੱਚ ਫੁਰਮਾਨ ਹੈ.....

**" ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ"**

2. ਘਟਨਾਂ ਕਰਮ ਨੂੰ ਪੜਨੇ ਤੋਂ ਪਹਿਲਾਂ ਸਾਜਿਸ਼ ਦੀ ਪਰਿਭਾਸ਼ਾ, ਸ਼ਹੀਦੀ ਦੀ ਪਰਿਭਾਸ਼ਾ ਅਤੇ ਸ਼ਹੀਦੀ ਦੇ ਕਾਰਣਾਂ ਨੂੰ ਧਿਆਨ ਨਾਲ ਅਗਲੇ ਪੰਨੀਆਂ ਤੇ ਜ਼ਰੂਰ ਪੜਨਾਂ ਜੀ। ਤਦ ਹੀ ਆਪ ਜੀ ਨੂੰ ਸ਼ਹੀਦੀ ਦੇ ਅਸਲ ਤੱਥਾਂ ਨੂੰ ਸਮਝਣੇ ਵਿੱਚ ਸਹਾਇਤਾ ਮਿਲੇਗੀ।

3. ਸਾਰਾ ਵ੍ਰਿਤਾਂਤ ਅਧਿਅਨ ਕਰਨੇ ਤੋਂ ਉਪਰੰਤ ਆਪਨੇ ਖੁਦ ਨਿਰਣਾ ਕਰਣਾ ਹੈ ਕਿ ਅਸਲ ਵਿੱਚ ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਦਾ ਉੱਤਰਦਾਈਤਵ ਕਿਸੇ ਤੇ ਹੈ ਭਾਵ ਗੁਰੂਜੀ ਦਾ ਕਾਤਲ ਕੌਣ ਹੈ?

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ੍ਹ

ਲੇਖਕ–ਜਸਬੀਰ ਸਿੰਘ Ph. : (0172-2696891), 09988160484

Download Free

# ਅਤਿ ਜ਼ਰੂਰੀ ਵਿਚਾਰਣ ਯੋਗ ਵਿਸ਼ਾ

ਕੀ ਤੁਸੀ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਜਾਣਦੇ ਹੋ ਯਾ ਜਾਣਨੇ ਦੀ ਇੱਛਾ ਰਖਦੇ ਹੋ? ਇਸ ਲਈ ਕ੍ਰਿਪਾ ਕਰਕੇ ਇਸ ਪੁਸਤਕ ਨੂੰ ਧਿਆਨ ਨਾਲ ਜ਼ਰੂਰ ਪੜਨਾਂ ਤਾਕਿ ਭਰਮ-ਭੁਲੇਖੇ ਦੂਰ ਹੋ ਸਕਨ।

1. ਸ਼੍ਰੀ ਗੁਰੂਅਰਜਨ ਦੇਵ ਜੀ ਦੀ ਹਤਿਆ ਕਰਵਾਉਣ ਦੀ ਸਾਜਿਸ ਕਿਸ ਨੇ ਰਚੀ ਸੀ?
2. ਸਾਈ ਮਿਆਂ ਮੀਰ ਜੀ ਇਕ ਮਾਤ੍ਰ ਪ੍ਰਤਖ ਦ੍ਰਸ਼ੀ ਸਨ ਤਾਂ ਵੀ ਉਨ੍ਹਾਂ ਨੇ ਗੁਰਦੇਵ ਜੀ ਨੂੰ ਕਿਸ ਕਾਰਣ ਤਸੀਏ ਦਿਤੇ ਜਾ ਰਹੇ ਹਨ, ਇਸ ਗਲ ਦਾ ਜ਼ਿਕਰ ਕਿਉਂ ਨਹੀਂ ਕੀਤਾ, ਉਹ ਸ਼ਾਂਤ ਕਿਉਂ ਰਹੇ?
3. ਬਾਦਸ਼ਾਹ ਨੇ ਗੁਰਦੇਵ ਜੀ ਉਪਰ ਦੋ ਲੱਖ ਰੁਪਏ ਦੰਡ ਲਗਾਇਆ ਸੀ ਇਹ ਰਕਮ ਨ ਭਰਨੇ ਤੇ ਉਨ੍ਹਾਂ ਨੂੰ ਕੈਦ ਹੋਣੀ ਸੀ। ਉਹ ਕੌਣ ਸੀ ਜਿਸ ਨੇ ਕੈਦ ਨੂੰ ਮੌਤ ਦੀ ਸਜ਼ਾ ਵਿਚ ਬਦਲਿਆ?
4. ਚੰਦੂਲਾਲ ਦੀ ਨੂੰਅ ਦੀ ਮੌਤ ਕਿਸ ਤਰ੍ਹਾਂ ਹੋਈ ਉਸ ਦਾ ਕੀ ਕਾਰਣ ਸੀ?
5. ਚੰਦੂਲਾਲ ਗੁਰਦੇਵ ਜੀ ਤੇ ਕਿਉਂ ਦਬਾਵ ਪਾ ਰਿਹਾ ਸੀ ਕਿ ਉਸ ਦੀ ਪੁਤਰੀ ਦਾ ਰਿਸ਼ਤਾ ਉਹ ਅਪਣੇ ਪੁੱਤਰ ਲਈ ਸਵੀਕਾਰ ਕਰ ਲੈਣ ਅਤੇ ਉਸ ਦੀ ਪਿਛਲੀ ਅਵਗਿਆ ਖਿਮਾ ਕਰ ਦੇਣ?
6. ਖਿਮਾ ਮੰਗਣ ਤੇ ਵੀ ਗੁਰੂਜੀ ਨੇ ਚੰਦੂਨੂੰ ਖਿਮਾ ਕਿਉਂ ਨਾਂ ਕਿਤਾ, ਜਦ ਕਿ ਗੁਰੂਜੀ ਬਖਸ਼ਿੰਦ ਪਿਤਾ ਹਨ?
7. ਬਾਦਸ਼ਾਹ ਜਹਾਂਗਰਿ ਗੁਰਦੇਵ ਜੀ ਨੂੰ ਦੋ ਲੱਖ ਰੁਪਏ ਦਾ ਦੰਡ ਸੁਣਾਕੇ ਤੁਰੰਤ ਸਿੱਧ ਪ੍ਰਾਂਤ ਨੂੰ ਕਿਉਂ ਚਲਾ ਗਿਆ?
8. ਕੀ ਭੜਭੂਜੇ ਗੁਰਦਿੱਤਾ ਜੀ ਨੇ ਗੁਰਦੇਵ ਜੀ ਦੇ ਸੀਸ ਤੇ ਗਰਮ ਰੇਤ ਪਾਉਂਣ ਦਾ ਘਿਰਣਾ ਯੋਗ ਅਪਰਾਦ ਕਿਤਾ ਸੀ?
9. ਸ਼ੇਖ ਫਰੀਦ ਬੁਖਾਰੀ ਬਾਦਸ਼ਾਹ ਜਹਾਂਗੀਰ ਦੀ ਸਿਪਹਾਸਲਾਰ (ਸੇਨਾਪਤਿ) ਅਤੇ ਮੁਰਤਜਾ ਖਾਨ ਜੋ ਉਨ੍ਹਾਂ ਦਿਨਾਂ ਵਿਚ ਪੰਜਾਬ ਪ੍ਰਾਂਤ ਦਾ ਰਾਜਪਾਲ (ਸੁਬੇਦਾਰ) ਸੀ, ਕੀ ਇਕ ਹੀ ਮਨੁੰਖ ਸੀ?
10. ਕਾਜ਼ੀ ਨੇ ਗੁਰੂਜੀ ਨੂੰ ਗਉ ਦੀ ਖਲ ਵਿਚ ਮੜ ਕੇ ਕਤਲ ਕਰਨੇ ਦਾ ਹੁਕਮ ਦਿਤਾ ਸੀ। ਪਰ ਇਸ ਹੁਕਮ ਨੂੰ ਬਦਲ ਕੇ ਗੁਰਦੇਵ ਜੀ ਨੂੰ ਤਸੀਏ ਦੇਣ ਦੀ ਯੋਜਨਾ ਕਿਸ ਬਣਾਈ?

11. ਉਹ ਕੌਣ ਮਨੁੱਖ ਸੀ ਜੋ ਗੁਰੂਦੇਵ ਜੀ ਨੂੰ ਇਸਲਾਮ ਕਬੂਲ ਕਰਣ ਲਈ ਮਜ਼ਬੂਰ ਕਰ ਰਿਹਾ ਸੀ?

12. 'ਤੁਜ਼ਾਕਿ ਜਹਾਂਗੀਰੀ' ਨਾਮਕ ਰੋਜ ਨਾਮਚੇ ਵਿਚ ਹੇਠ ਲਿਖਿਤ ਇਬਾਰਤ ਕਿਸ ਮਨੁੱਖ ਨੇ ਲਿਖਵਾਈ ਸੀ?

13. ਆਦਿ ਗ੍ਰੰਥ ਸਾਹਿਬ ਦੀ ਬਾਣੀ ਤੋਂ ਕੋਣ ਮਨੁੱਖ ਇਰਖਾ ਕਰਦਾ ਸੀ?

14. ਉਹ ਕੌਣ ਮਨੁੱਖ ਸੀ, ਜੇਹੜਾ ਸਤਾਧਾਰਿਆਂ ਦੀ ਸਹਾਇਤਾ ਨਾਲ ਸਾਰੇ ਭਾਰਤ ਵਿਚ ਇਕ ਮਾਤ੍ਰ ਇਸਲਾਮ ਦਾ ਪ੍ਰਚਾਰ-ਪ੍ਰਸਾਰ ਕਰਣਾ ਚਾਹੁੰਦਾ ਸੀ?

15. ਜਹਾਂਗਰਿ ਬਾਦਸ਼ਾਹ ਨੇ ਉਨ੍ਹਾਂ ਦਿਨ੍ਹਾਂ 'ਚ ਕਿਸ ਮਨੂੰਖ ਨੂੰ ਆਪਣਾ ਪੀਰ (ਮੁਰਸ਼ਦ) ਥੜਾਇਆ ਹੋਇਆ ਸੀ?

16. ਗੁਰਦੇਵ ਜੀ ਨੂੰ ਜਦੋਂ ਤਸੀਏ ਦਿਤੇ ਜਾ ਰਹੇ ਸਨ ਤਾਂ ਚੰਦੂ ਕਿਥੇ ਸੀ?

17. ਰਾਜਕੁਮਾਰ ਖੁਸਰੋ ਜਦੋਂ ਗੋਇੰਦਵਾਲ ਗੁਰੂਘਰ ਵਿਖੇ ਆਪਣੇ ਸਿਪਾਹੀਆਂ ਸਮੇਤ ਲੰਗਰ ਗ੍ਰਹਣ ਕਰ ਰਿਹਾ ਸੀ ਤਾਂ ਗੁਰਦੇਵ ਜੀ ਕਿਥੇ ਸਨ? ਕੀ ਉਨ੍ਹਾਂ ਦੀ ਮੁਲਾਕਾਤ ਖੁਸਰੋ ਨਾਲ ਹੋਈ ਸੀ?

18. ਮਹੇਸ਼ ਦਾਸ (ਬੀਰਬਲ), ਭਗਤ ਕਾਨ੍ਹਾ ਜੀ ਅਤੇ ਪ੍ਰੀਥੀ ਚੰਦ ਜੀ ਆਦਿ ਲੋਕ ਜੋਕਿ ਸ਼ਹੀਦੀ ਕਾਂਡ ਤੋਂ ਪਹਿਲਾਂ ਮਿਰਤਿਯੁ ਨੂੰ ਪ੍ਰਾਪਤ ਹੋ ਚੁਕੇ ਸਨ, ਕੀ ਕਿਨ੍ਹਾਂ ਲੋਕਾਂ ਨੂੰ ਸ਼ਹੀਦੀ ਕਾਂਡ ਨਾਲ ਜੋੜਿਆ ਜਾ ਸਕਦਾ ਹੈ? ਕਿਤੇ ਅਸੀ ਇਸ ਪ੍ਰਕਾਰ ਅਸਲੀ ਕਾਤਲਾਂ ਨੂੰ ਬਰੀ ਤਾਂ ਨਹੀਂ ਕਰ ਰਹੇ?

19. ਕੀ ਚੰਦੂਨਾਲ ਨੇ ਆਪਣੀ ਹਵੇਲੀ ਨੂੰ ਗੁਰੁਦੇਵ ਜੀ ਦੀ ਹਤਿਆ ਕਰਣੇ ਲਈ ਕਤਲਗਾਹ ਦੇ ਰੂਪ ਵਿਚ ਵਰਤਿਆ ਸੀ? ਕੀ ਸਥਾਨਿਕ ਲੋਂਕਾ ਨੇ ਉਸ ਨੂੰ ਇਹ ਅਪਰਾਧ ਕਰਣ ਦੀ ਆਗਿਆ ਦੇ ਦਿਤੀ ਸੀ?

20. ਕੀ ਪੰਜਾਬੀ ਪਰਮਪਰਾ ਵਿਚ ਇਤਿਹਾਸ ਅੰਦਰ ਕੌਈ ਐਸੀ ਘਟਨਾਂ ਦਾ ਜ਼ਿਕਰ ਮਿਲਦਾ ਹੈ ਕਿ ਕੁੜਮਾਈ ਟੁਟਣ ਤੇ ਲੜਕੀ ਦੇ ਪਿਤਾ ਨੇ ਅਪਣੇ ਕੁੜਮ ਦੀ ਹਤਿਆ ਕਰ ਦਿਤੀ ਹੋਏ?

21. ਗੁਰਦੇਵ ਜੀ ਦੀ ਹਤਿਆ ਦੀ ਖੁਸ਼ੀ ਵਿਚ ਸ਼ੇਖਾ ਅਹਿਮਦ ਸਰਹਿੰਦੀ ਨੇ ਜੋ ਚਿਠੀ ਸ਼ੇਖ ਬੁਖਾਰੀ ਨੂੰ ਲਿਖੀ ਉਸ ਵਿਚ ਕੀ ਹੈ?

# ਵਿਸ਼ੇ ਸੂਚੀ




1. ਸਾਜਿਜ਼ ਦੀ ਪਰਿਭਾਸ਼ਾ
2. ਸ਼ਹੀਦ ਦੀ ਪਰਿਭਾਸ਼ਾ
3. ਸ਼ਹੀਦੀ ਦੇ ਕਾਰਣ
4. ਭੂਮਿਕਾ
5. ਮੁੱਖ ਬੰਦ (ਚੰਦ ਸ਼ਬਦ)
6. ਸ਼ਹੀਦੀ ਦੀ ਅਸਲ ਘਟਨਾ ਕ੍ਰਮ
7. ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਦ ਦੀਆਂ ਘਟਨਾਵਾਂ
8. ਗੁਰਦੇਵ ਜੀ ਦੀ ਸ਼ਹੀਦੀ ਦੀ ਨਿਆਇਕ ਜਾਂਚ
9. ਤਜ਼ਕਿ-ਜਹਾਂਗੀਰੀ ਨਾਮਕ ਰੋਜਨਾਮਚੇ ਦੀ ਇਬਾਰਤ ਦਾ ਵਿਸ਼ਲੇਸ਼ਣ
10. ਸਮਰਾਟ ਅਕਬਰ ਅਤੇ ਆਦਿ ਗ੍ਰੰਥ ਸਾਹਿਬ ਦੀ ਬੀੜ (ਪੋਥੀ)
11. ਪੰਜਾਬ ਦਾ ਰਾਜਪਾਲ ਮੁਰਤਜ਼ਾ ਖਾਨ
12. ਸਿਪਾਹਸਲਾਰ ਸ਼ੇਖ ਫਰੀਦ ਬੁਖਾਰੀ
13. ਚੰਦੂਲਾਲ ਦੀਆਂ ਅਫਵਾਹਾਂ ਦਾ ਜੁਆਬ
14. ਰਾਜਕੁਮਾਰ ਸਲੀਮ ਉਰਫ ਸਮਰਾਟ ਜਹਾਂਗੀਰ ਦੀ ਸ਼ਖਸੀਅਤ
15. ਸ਼ੇਖ ਅਹਿਮਦ ਸਰਹਿੰਦੀ ਦੀ ਸ਼ਖਸੀਅਤ
16. ਕੁਝ ਸੰਕਿਆ ਤੇ ਵਿਚਾਰ
17. ਸ਼ੇਖ ਅਹਿਮਦ ਦੀ ਚਿੱਠੀ ਜੋ ਉਸਨੇ ਗੁਰਦੇਵ ਜੀ ਦੀ ਸ਼ਹਾਦਤ ਮਗਰੋਂ ਪ੍ਰਸੰਨਤਾ ਵਜੋਂ ਲਿਖੀ।
18. ਲਗਾਤਾਰ ਪੰਜ ਦਿਨ ਤਸੀਏ ਦੇਣ ਦੀ ਵਿਚਾਰ ਝੂਠੀ
19. ਲੇਖਕ ਹਰਿੰਦਰ ਸਿੰਘ ਮਹਿਬੂਬ ਦੀ ਦ੍ਰਸ਼ਟੀ ਵਿਚ
20. ਆਪਣੇ ਅਖੌਤੀ ਵਿਦਵਾਨਾਂ ਦੁਆਰਾ ਫੈਲਾਈ ਗਈ ਅਫਵਾਵਾਂ

## ਸਾਜਿਸ਼ ਦੀ ਪਰਿਭਾਸ਼ਾ

ਦੁਸ਼ਮਣ ਨੂੰ ਨੁਕਸਾਨ ਪਹੁੰਚਾਣ ਦਾ ਇਕ ਖਾਸ ਯੋਜਨਾਬਧ ਤਰੀਕਾ, ਜਿਸ ਦਾ ਰਾਜ਼ ਕੋਈ ਨਾ ਜਾਣ ਸਕੇ। ਬਲਕਿ ਪ੍ਰਭਾਵਿਤ ਪੱਖ ਕਿਸੀ ਦੂਜੇ ਨੂੰ ਅਪਰਾਧੀ ਮੰਨਣ ਲੱਗ ਜਾਏ। ਦੂਸਰੇ ਸ਼ਬਦਾਂ ਵਿੱਚ ਨਿਰਦੋਸ਼ ਨੂੰ ਝੂਠੇ ਅਰੋਪਾਂ ਦੁਆਰਾ ਅਪਰਾਧੀ ਸਾਬਿਤ ਕਰ ਦੇਣਾ। ਜਿਸ ਨਾਲ ਪੀੜਿਤ ਪੱਖ ਗੁਮਰਾਹ ਹੋ ਜਾਏ ਅਤੇ ਅਸਲੀ ਅਪਰਾਧੀ ਨੂੰ ਨਾ ਪਕੜ ਕੇ ਸ਼ੱਕ ਦੇ ਆਧਾਰ ਤੇ ਜਾਂ ਭੁੱਲ ਨਾਲ ਕਿਸੇ ਦੂਜੇ ਨੂੰ ਦੋਸ਼ੀ ਮੰਨਣ ਲੱਗ ਜਾਏ।

## ਸ਼ਹੀਦ ਦੀ ਪਰਿਭਾਸ਼ਾ

ਜੋ ਮਨੁੱਖ ਲਗਾਤਾਰ ਚੁਣੌਤੀਆਂ ਮਿਲਣ ਤੇ ਵੀ ਆਪਣੇ ਆਦਰਸ਼ ਤੇ ਦ੍ਰਿੜਤਾ ਨਾਲ ਡਟਿਆ ਹੋਇਆ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦੇਵੇ ਜਾਂ ਕੁਰਬਾਨ ਹੋ ਜਾਵੇ ਪਰ ਆਪਣੀ ਧਾਰਣਾ ਵਿਚ ਪਰਿਵਰਤਨ ਨਾਂ ਲਿਆਵੇ, ਇਸ ਤਰ੍ਹਾਂ ਦੇ ਬਲਿਦਾਨੀ ਪੁਰਸ਼ ਨੂੰ "ਸ਼ਹੀਦ" ਕਹਿੰਦੇ ਹਨ। ਦੂਸਰੇ ਸ਼ਬਦਾਂ ਵਿਚ ਜਿਸ ਮਨੁੱਖ ਨੂੰ ਆਪਣੀ ਜਾਨ ਬਚਾਉਣ ਲਈ ਦੁਸ਼ਮਣਾ ਦੁਆਰਾ ਘੱਟ ਤੋਂ ਘੱਟ ਇਕ ਮੌਕਾ ਦਿੱਤਾ ਜਾਵੇ ਪਰ ਫਿਰ ਵੀ ਉਹ ਆਪਣੇ ਆਦਰਸ਼ਵਾਦੀ ਮਾਰਗ ਨੂੰ ਤਿਆਗਣ ਲਈ ਤਿਆਰ ਨਾਂ ਹੋਵੇ, ਉਹ ਸ਼ਹੀਦ ਅਖਵਾਂਦਾ ਹੈ। ਜੰਗ ਦੇ ਮੈਦਾਨ ਵਿਚ ਸੈਨਿਕ ਯੋਧਿਆਂ ਤੇ ਵੀ ਇਹੀ ਸਿਧਾਂਤ ਲਾਗੂ ਹੁੰਦਾ ਹੈ। ਉਹਨਾਂ ਨੂੰ ਵੀ ਵਿਰੋਧੀ ਪੱਖ ਦੇ ਸੈਨਿਕ ਅਸ਼ਤਰ-ਸ਼ਸਤਰ ਸੁੱਟਣ ਤੇ ਮਜਬੂਰ ਕਰ ਦਿੰਦੇ ਹਨ ਜਾਂ ਭੱਜਣ ਦਾ ਪੂਰਾ ਮੌਕਾ ਦਿੰਦੇ ਹਨ। ਪ੍ਰੰਤੂ ਦੇਸ਼ ਭਗਤ ਸੈਨਿਕ ਇਸ ਤਰ੍ਹਾਂ ਨਾਂ ਕਰਕੇ, ਦੇਸ਼ ਦੇ ਕੰਮ ਆਉਣਾ ਹੀ ਆਪਣਾ ਉਦੇਸ਼ ਮੰਨਦੇ ਹਨ। ਭਾਵ ਜਿੱਤ ਜਾਂ ਮੌਤ ਵਿਚੋਂ ਇਕ ਦੀ ਪ੍ਰਾਪਤੀ ਦੀ ਇੱਛਾ ਹੀ ਉਸ ਨੂੰ ਸ਼ਹੀਦ ਦਾ ਦਰਜਾ ਦੇਂਦੀ ਹੈ।

## ਸ਼ਹੀਦੀ ਦੇ ਕਾਰਣ

1. ਗੁਰੂ ਦੀ ਗੋਲਕ (ਦਸਵੰਦ) ਦੀ ਮਾਇਆ ਨੂੰ ਆਪਣੇ ਹਿਤ (ਪ੍ਰਾਣ ਰਖਿਆ) ਲਈ ਵਰਤਣ ਤੋਂ ਇੰਨਕਾਰ ਕਰਨਾ।
2. ਗੁਰੂ ਗ੍ਰੰਥ ਸਾਹਿਬ ਦੀ ਰਚਨਾਵਾਂ (ਬਾਣੀ) ਵਿੱਚ ਕੋਈ ਵੀ ਪਰਿਵਰਤਨ ਕਰਣ ਤੋਂ ਇੰਨਕਾਰ ਕਰਨਾ।
3. ਇਸਲਾਮ ਸਵੀਕਾਰ ਕਰਨ ਤੋਂ ਸਾਫ ਇੰਨਕਾਰ ਕਰਨਾ।

# ਮੁਖ ਬੰਧ

ਸਾਹਿਬ ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਬਾਰੇ ਅਨੇਕ ਪੁਸਤਕਾਂ ਲਿਖੀਆਂ ਗਈਆਂ ਹਨ। ਪਰ ਇਹ ਪੁਸਤਕ ਆਪਣੇ ਕਿਸਮ ਦੀ ਨਿਵੇਕਲੀ ਪੁਸਤਕ ਹੈ। ਇੰਝ ਕਹਿ ਸਕਦੇ ਹਾਂ ਕਿ ਇਹ ਪੁਸਤਕ "ਸਾਚੀ ਸਾਖੀ" ਕ੍ਰਿਤ ਸਿਰਦਾਰ ਕਪੂਰ ਸਿੰਘ ਵਿੱਚ ਦਿੱਤੇ ਗਏ ਸ਼ਹੀਦੀ ਦੇ ਕਾਰਣਾਂ ਦਾ ਹੋਰ ਵਿਸਥਾਰ ਹੈ।

ਇਸ ਵਿੱਚ ਸਪਸ਼ਟ ਦਰਸਾਇਆ ਗਿਆ ਹੈ ਕਿ ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਦੇ ਕੀ ਕਾਰਣ ਸਨ ਅਤੇ ਕੌਣ-ਕੌਣ ਜ਼ਿੰਮੇਵਾਰ ਸਨ। ਹਵਾਲੇ ਦੇਕੇ ਇਹ ਦਰਸਾਇਆ ਗਿਆ ਹੈ ਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਜਿੰਮੇਵਾਰ ਚੰਦੂਜਾਂ ਜਹਾਂਗੀਰ ਨਹੀ ਸਨ ਬਲਕਿ ਸ਼ੇਖ ਅਹਿਮਦ ਸਰਹੱਦੀ ਸੀ ਜੋ ਕਿ ਇਸਲਾਮ ਨੂੰ ਫੈਲਾਉਣਾ ਚਾਹੁੰਦਾ ਸੀ ਪਰ ਗੁਰੂਨਾਨਕ ਦੇਵ ਜੀ ਦੇ ਦਰਸਾਏ ਸਾਝੀਵਾਲਤਾ ਦੇ ਮਾਰਗ ਤੋਂ ਡਰਦਾ ਸੀ ਜੋ ਕਿ ਉਸ ਦੇ ਕਾਜ ਦੀ ਪੂਰਤੀ ਵਿੱਚ ਰੁਕਾਵਟ ਬਣ ਰਿਹਾ ਸੀ। ਉਸਨੇ ਹੀ ਅਕਬਰ ਦੇ ਪਾਸੋ ਬਾਦਸ਼ਾਹ ਜਹਾਂਗੀਰ ਨੂੰ ਗਦੀ ਤੇ ਬਿਠਵਾਇਆ ਸੀ। ਜਹਾਂਗੀਰ ਕੰਨ ਦਾ ਕੱਚਾ ਸੀ। ਇਸਨੇ ਹੀ ਖੁਸਰੋ ਨੂੰ ਮਰਵਾ ਦਿੱਤਾ ਅਤੇ ਬਾਦਸ਼ਾਹ ਜਹਾਂਗੀਰ ਨੂੰ ਗੁਰੂਅਰਜਨ ਦੇਵ ਜੀ ਦੇ ਖਿਲਾਫ ਝੂਠੀਆਂ ਤੋਹਮਤਾ ਲਾ ਕੇ ਭੜਕਾਇਆ। ਬਾਦਸ਼ਾਹ ਜਹਾਂਗੀਰ ਦੀ ਗੈਰ ਹਾਜ਼ਿਰੀ ਵਿਚ ਇਸ ਨੇ "ਤੁਜਕਿ ਜਹਾਂਗੀਰੀ" ਨਾਮਕ ਰੋਜ਼ਨਾਮਚੇ ਵਿੱਚ ਬਾਦਸਾਹ ਜਹਾਂਗੀਰ ਦੇ ਨਾ ਹੇਠ ਇਕ ਝੂਠੀ ਇਬਾਰਤ ਦਰਜ ਕਰਵਾਇਆ ਕਿ ਜਿਵੇਂ ਬਾਦਸ਼ਾਹ ਜਹਾਂਗੀਰ ਨੇ ਖੁਦ ਪੰਚਮ ਪਾਤਸ਼ਾਹ ਨੂੰ ਸ਼ਹੀਦ ਕਰਨ ਦੀ ਆਗਿਆ ਦਿੱਤੀ ਹੋਵੇ।

ਇਸ ਪੁਸਤਕ ਵਿਚ ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਦੇ ਤਰੀਕੇ ਦੇ ਬਾਰੇ ਵੀ ਵਿਸਥਾਰ ਪੂਰਵਕ ਚਰਚਾ ਕੀਤੀ ਗਈ ਹੈ। ਕੁਲ ਮਿਲਾ ਕੇ ਇਹ ਪੁਸਤਕ ਉਨ੍ਹਾਂ ਸਜਣਾਂ ਵਾਸਤੇ ਲਾਹਿਵੰਦ ਹੈ ਜੋ ਕਿ ਆਮ ਪ੍ਰਚਲਤ ਪੁਸਤਕਾਂ ਤੋਂ ਹੱਟ ਕੇ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਣਾ ਅਤੇ ਅਸਲੀ ਛੜਯੰਤਰਕਾਰੀਆਂ ਬਾਰੇ ਵਿਸਥਾਰ ਨਾਲ ਜਾਣਨਾ ਚਾਹੁੰਦੇ ਹਨ। ਲੇਖਕ ਇਸ ਗਲ ਲਈ ਵਧਾਈ ਦੇ ਪਾਤਰ ਹੈ ਜਿਸ ਨੇ ਸਿਧੇ ਸਾਧੇ ਲਫਜਾਂ ਵਿੱਚ ਗੁਰੂਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਦੇ ਕਾਰਨਾਂ ਅਤੇ ਵਿਉਂਤ ਦੇ ਉਪਰ ਪਏ ਪਰਦਿਆਂ ਨੂੰ ਹਟਾ ਕੇ ਸੰਗਤ ਦੇ ਸਾਹਮਣੇ ਲਿਆਉਣ ਦੀ ਇਮਾਨਦਾਰ ਕੋਸ਼ਿਸ਼ ਕੀਤੀ ਹੈ।

ਮਨਜੀਤ ਸਿੰਘ 'ਖਾਲਸਾ'

# ਭੂਮਿਕਾ

ਸਿੱਖ ਜਗਤ ਵਿੱਚ ਅੱਜ ਤੱਕ ਅਖੌਤੀ ਵਿੱਧਵਾਨਾਂ (ਰਾਗੀ, ਢਾਡੀ, ਕਵੀਆਂ, ਅਤੇ ਪ੍ਰਚਾਰਕਾਂ) ਦੁਆਰਾ ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਦੇ ਵਿਸ਼ੇ 'ਚ ਜੋ ਘਟਨਾਂ ਕ੍ਰਮ ਅਤੇ ਤੱਥ ਪੇਸ਼ ਕੀਤੇ ਜਾਂਦੇ ਰਹੇ ਹਨ, ਜੇਕਰ ਇਨਾਂ ਦੀ ਸਚਾਈ ਨੂੰ ਜਾਣਨ ਲਈ ਨਿਆਇਕ ਅਯੋਗ ਬੈਠਾ ਕੇ ਇਕ ਜਾਂਚ ਕਰਵਾਈ ਜਾਵੇ ਤਾਂ ਕਿਤੇ ਵੀ ਸਚਾਈ ਦੇ ਦਰਸ਼ਨ ਨਹੀਂ ਹੁੰਦੇ ਬਲਕਿ ਹਰ ਇਕ ਘਟਨਾਂ ਕ੍ਰਮ ਵਿੱਚ ਕਈ ਪ੍ਰਕਾਰ ਦੀਆਂ ਤਰੁਟੀਆਂ ਵੇਖਣ ਨੂੰ ਮਿਲਦੀਆਂ ਹਨ। ਸਚਾਈ ਤਾਂ ਇਹ ਹੈ ਕੋਈ ਵੀ ਪ੍ਰਸੰਗ ਪਰਿਪਕਤਾ ਦੀ ਕਸੌਟੀ ਤੇ ਖਰਾ ਨਹੀਂ ਉੱਤਰਦਾ। ਇਸ ਲਈ ਵਿਵੇਕ ਬੁੱਧੀ ਦੇ ਸ੍ਰੋਤਾ ਦੁਵਿਧਾ ਵਿੱਚ ਪੈ ਜਾਂਦੇ ਹਨ ਅਤੇ ਉਨ੍ਹਾਂ ਦੀ ਸ਼ਰਧਾ ਨੂੰ ਭਾਰੀ ਸਟ ਲਗਦੀ ਹੈ। ਕਿਉਂਕਿ ਹਰ ਇੱਕ ਵੱਕਤਾ ਅਵਿਗਿਆਨਿਕ ਗਲਾਂ ਨਾਲ ਸੰਗਤ ਨੂੰ ਭਾਵੁਕ ਬਣਾ ਰਿਹਾ ਹੁੰਦਾ ਹੈ। ਗਲ ਇਥੇ ਹੀ ਨਹੀਂ ਮੁਕਦੀ। ਇਹ ਗੱਲ ਸਮਸਤ ਤਸਿੱਖ ਜਗਤ ਜਾਣ ਦਾ ਹੈ ਕਿ ਗੁਰੂਜੀ ਕਥਨੀ-ਕਰਨੀ ਕੇ ਸ਼ੂਰੇ ਸਨ ਪਰ ਉਨ੍ਹਾਂ ਦੇ ਸਿਧਾਂਤਾ ਅਤੇ ਜੀਵਨ ਸੈਲੀ ਵਿੱਚ ਅੰਤਰ ਦਰਸਾਇਆ ਜਾ ਰਹੀਆਂ ਹੁੰਦਾ ਹੈ। ਜਿਸਨੂੰ ਗਹਰੀ ਦ੍ਰਿਸ਼ਟੀ ਵਾਨ ਸੱਚੇ ਸੇਵਕ ਸਹਿਣ ਨਹੀਂ ਕਰ ਸਕਦੇ। ਜੇਕਰ ਬੁਲਾਰਿਆਂ ਦੁਆਰਾ ਕੀਤੀਆਂ ਗਲਤੀਆਂ ਦੀ ਸੂਚੀ ਤਿਆਰ ਕੀਤੀ ਜਾਏ ਤਾਂ ਇਕ ਲੰਭੀ ਤਾਲੀਕਾ ਬਣਦੀ ਹੈ ਜਿਸਨੂੰ ਆਧਾਰ ਬਣਾ ਕੇ ਇਨ੍ਹਾਂ ਅਖੌਤੀ ਵਿਧਵਾਨਾਂ ਨੂੰ ਕਟਘਰੇ ਵਿੱਚ ਖੜਾ ਕਰਕੇ ਜੁਆਬ ਮੰਗਿਆਂ ਜਾ ਸਕਦਾ ਹੈ। ਉਦਾਹਰਣ ਦੇ ਲਈ, ਜਦੋਂ ਸਾਈ ਮੀਆਂ ਮੀਰ ਜੀ ਗੁਰਦੇਵ ਜੀ ਨੂੰ ਮਿਲਣ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਆਏ, ਇੱਥੇ ਉਨ੍ਹਾਂ ਨੂੰ ਦੀਵਾਨ ਚੰਦੂਲਾਲ ਦੀ ਹਵੇਲੀ ਵਿੱਚੋਂ ਲਿਆ ਕੇ ਸਰਕਾਰੀ ਕਬਜ਼ੇ (ਸੰਰਸ਼ਣ) ਵਿੱਚ ਰਖਿਆ ਗਿਆ ਸੀ ਅਤੇ ਉਨ੍ਹਾਂ ਨਾਲ ਇਸਲਾਮ ਨ ਸਵੀਕਾਰ ਕਰਨੇ ਦੇ ਕਾਰਣ ਅਣਮਨੁੱਖੀ ਵਿਹਾਰ ਕੀਤਾ ਜਾ ਰਿਹਾ ਸੀ। ਅਜਿਹੀ ਹਾਲਤ ਵਿੱਚ ਸਾਂਈ ਜੀ ਦਾ ਗੁਰੂਜੀ ਤੇ ਸੁਆਲ ਸੀ, ਆਪ ਨਿਰਦੋਸ਼ ਹੋ? ਫਿਰ ਕਿਉਂ ਜੁਲਮ ਬਰਦਾਸ਼ ਕਰ ਰਹੇ ਹੋ ਜਦੋਂ ਕਿ ਤੁਸੀ ਆਤਮਿਕ ਸ਼ਕਤੀਆਂ ਦੇ ਮਾਲਿਕ ਹੋ। ਆਪ ਜੀ ਦਾ ਬੋਲਿਆਂ ਇਕ ਸ਼ਬਦ ਹੀ ਇਨ੍ਹਾਂ ਦੁਸ਼ਟਾ ਦਾ ਨਾਸ਼ ਕਰ ਸਕਦਾ ਹੈ। ਜੁਆਬ ਵਿੱਚ ਗੁਰੂਜੀ ਨੇ

ਆਖਿਆ-ਮੇਰਾ ਕੋਈ ਦੁਸ਼ਮਣ ਅਤੇ ਸਜਣ ਨਹੀਂ। ਇਹ ਜੋ ਕੁਝ ਹੋ ਰਿਹਾ ਹੈ ਇਸ ਵਿੱਚ ਉਸ ਖੁਦਾ ਦਾ ਭਾਣਾ ਹੈ।ਮੈਂ ਰਜ਼ਾ ਵਿੱਚ ਰਾਜ਼ੀ ਦੇ ਰਹਿਣ ਵਾਲਾ ਇਨਸਾਨ ਹੈ। ਇਸ ਲਈ ਮੈਨੂੰ ਕਿਸਤੇ ਵੀ ਕੋਈ ਗਿਲਾ ਸ਼ਿਕਵਾ ਨਹੀਂ। ਇਸ ਤੇ ਸਾਈ ਜੀ ਨੇ ਦੁਬਾਰਾ ਪੁਛਿਆ ਤੁਸੀ ਬਿਨਾਂ ਗੱਲ ਦੇ ਕਿਉਂ ਦੁਖ ਉਠਾ ਰਹੇ ਹੋ, ਜੇਕਰ ਤੁਸੀ ਕੁੱਝ ਨਹੀਂ ਕਰਦੇ ਤਾਂ ਮੈਨੂੰ ਆਗਿਆ ਦਿਓ ਮੈਂ ਕੁਝ ਕਰਾਂ। ਤਾਂ ਗੁਰੂਜੀ ਨੇ ਕਿਹਾ:- ਆਪ ਜੀ ਨੇ ਇਕ ਦਿਨ ਮੈਥੋਂ ਬ੍ਰਹਮਗਿਆਨੀ ਦੇ ਲਛਣਾਂ ਅਨੁਸਾਰ ਜੀਵਨ ਵਾਲੇ ਮਨੁੱਖ ਦੇ ਦਿਦਾਰ ਕਰਣ ਦੀ ਇੱਛਾ ਪ੍ਰਗਟ ਕੀਤੀ ਸੀ। ਅੱਜ ਉਹ ਦਿਨ ਆ ਗਿਆ ਹੈ।ਮੈਂ ਬ੍ਰਹਮਗਿਆਨੀ ਦੇ ਲਛਣਾਂ ਅਨੁਸਾਰ ਜੀਵਨ ਜੀਣ ਦਾ ਅਭਿਆਸ ਕਰ ਰਿਹਾ ਹਾਂ। ਫਕੀਰਾਂ ਦੀ ਰਮਜ਼ ਫਕੀਰਾਂ ਨੇ ਸਮਝੀ। ਇਸ ਪ੍ਰਕਾਰ ਸਾਈ ਜੀ ਬ੍ਰਹਮ ਗਿਆਨੀ ਦਾ ਉਪਦੇਸ਼ ਲੈ ਕੇ ਵਾਪਸ ਮੁੜ ਗਏ

ਗੁਰੂਜੀ ਕਥਨੀ-ਕਰਨੀ ਦੇ ਸ਼ੂਰੇ ਸਨ। ਉਨ੍ਹਾਂ ਆਪਣੀ ਰਖਿਆ ਲਈ ਆਤਮ ਬਲ ਦੀ ਵਰਤੋਂ ਨਹੀਂ ਕੀਤੀ ਅਤੇ ਨਾਂ ਹੀ ਇਸੀ ਹੋਰ ਨੂੰ ਐਸਾ ਕਰਣ ਦੀ ਇਜ਼ਾਜਤ ਦਿੱਤੀ। ਉਨ੍ਹਾਂ ਦਾ ਮੰਨਣਾ ਸੀ ਕਿ ਰਬ ਦੀ ਰਜ਼ਾ ਵਿੱਚ ਖੁਸ਼ ਰਹਿਣਾ ਹੀ ਉਨ੍ਹਾਂ ਦਾ ਟੀਚਾ ਹੈ। ਜੇਕਰ ਉਨ੍ਹਾਂ ਆਤਮਬਲ ਦੀ ਵਰਤੋਂ ਕੀਤੀ ਹੁੰਦੀ ਤਾਂ ਉਨ੍ਹਾਂ ਦਾ ਵਾਲ ਵੀ ਕੋਈ ਵਿੰਗਾ ਨਹੀਂ ਸੀ ਕਰ ਸਕਦਾ। ਜਦੋਂ ਉਨ੍ਹਾਂ ਆਤਮ ਸ਼ਕਤੀ ਦੀ ਵਰਤੋਂ ਕੀਤੀ ਹੀ ਨਹੀਂ ਤਾਂ ਫਿਰ ਕੀ ਅੱਗ ਨੇ ਆਪਣਾ ਸੁਭਾ ਬਦਲ ਲਿਆ ਸੀ ਜੋ ਤਪੀ ਹੋਈ ਲਾਲ ਲੋਹ ਉਨ੍ਹਾਂ ਨੂੰ ਸਾੜ ਨ ਸਕੀ। ਭੜਭੁਜੇ ਦੀ 200° ਡਿਗਰੀ ਸੈਲਸਿਅਸ ਵਾਲੀ ਰੇਤ ਨੂੰ ਸਿਰ ਵਿਚ ਪਾਉਣ ਤੇ ਵੀ ਉਹ ਜੀਵਿਤ ਰਹੇ? ਇਥੇ ਹੀ ਬੱਸ ਨਹੀਂ, ਉਬਲਦੇ ਹੋਏ ਪਾਣੀ ਦੀ ਦੇਗ ਵਿੱਚ ਬੈਠਾਉਣ ਤੇ ਵੀ ਜੀਵਿਤ ਰਹੇ? ਕੁਝ ਅਤਿ ਕਥਨੀ ਵਾਲੇ ਅੰਧੀ ਸੋਚ ਵਾਲੇ ਭੋਲੇ ਮਨੁੱਖ ਇਥੋ ਤੱਕ ਕਹਿ ਦੇਂਦੇ ਹਨ ਕਿ ਉਨ੍ਹਾਂ ਨੇ ਇਹ ਸਾਰੇ ਤਸੀਏ ਝਲਣ ਤੋਂ ਬਾਦ ਰਾਵੀ ਨਦੀ ਵਿੱਚ ਇਸ਼ਨਾਨ ਕਰਣ ਦੀ ਇੱਛਾ ਪ੍ਰਗਟ ਕੀਤੀ ਅਤੇ ਉਹ ਉਸ ਵਿੱਚ ਹੀ ਸਮਾ ਗਏ।

ਇਹ ਵਿਆਖਿਆ ਤਾਂ ਇਸ ਪ੍ਰਕਾਰ ਹੈ ਜਿਦਾਂ ਕੋਈ ਕਹਿ ਕਿ ਹੇ ਜਲਾਦੋ! ਮੈਂ ਤੁਹਾਡੇ ਹੱਥੋਂ

ਮਰਣ ਵਾਲਾ ਨਹੀਂ, ਤੁਸੀ ਲੱਖ ਕੋਸ਼ਿਸ਼ ਕਰ ਕੇ ਵੇਖ ਲਓ ਪਹਿਲਾਂ ਦੁਸ਼ਮਣ ਨੇ ਉਨ੍ਹਾਂ ਨੂੰ ਲਾਲ ਤਵੇ ਤੇ ਸਾੜਿਆ ਪਰ ਉਹ ਨਹੀਂ ਮਰੇ। ਫਿਰ ਦੁਸ਼ਮਣ ਨੇ ਉਨ੍ਹਾਂ ਦੇ ਸਿਰ ਵਿੱਚ 200° ਡਿਗਰੀ ਸੈਲਸਿਅਸ ਦੀ ਗਰਮ ਰੇਤ ਪਾਈ ਉਹ ਤਾਂ ਵੀ ਨਾ ਮਰੇ। ਇਸ ਤੋਂ ਤੰਗ ਆ ਕੇ ਦੁਸ਼ਮਣ ਨੇ ਉਨ੍ਹਾਂ ਨੂੰ ਉਬਾਲ ਦੀ ਦੇਗ ਵਿੱਚ ਬਿਠਾ ਦਿਤਾ ਉਹ ਫਿਰ ਵੀ ਨਾ ਮਰੇ। ਅੰਤ ਵਿਚ ਗੁਰੂਜੀ ਕਹਿਣ ਲਗੇ ਮੈਂ ਤੁਹਾਡੇ ਦਿੱਤੇ ਤਸੀਇਆਂ ਨਾਲ ਮਰਣ ਵਾਲਾ ਨਹੀਂ। ਹੱਛਾ ਚਲੋ ਮੈਂ ਖੁਦ ਹੀ ਰਾਵੀ ਨਦੀ ਵਿੱਚ ਡੁੱਬ ਕੇ ਆਤਮ ਹੱਤਿਆ ਕਰ ਲੈਂਦਾ ਹਾਂ।

ਇਸ ਤਰ੍ਹਾਂ ਦੀਆਂ ਕਈ ਤਰੁਟੀਆਂ ਨਾਲ ਗੁਰਦੇਵ ਜੀ ਦੇ ਬਲਿਦਾਨ (ਸ਼ਹੀਦੀ) ਨੂੰ ਝੂਠ ਲਾਇਆ ਗਿਆ ਹੈ। ਜਿਸ ਨਾਲ ਸ਼ਹੀਦੀ, ਸ਼ਹੀਦੀ ਨਹੀਂ  ਜਾਪ ਦੀ। ਬਸ ਇੱਕ ਆਤਮ ਹੱਤਿਆ ਕਾਂਡ ਜਿਹਾ ਮਹਿਸੂਸ ਹੋਣ ਲਗਦਾ ਹੈ। ਕਿਉਂਕਿ ਅਖੋਤੀ ਵਿਧਵਾਨਾਂ ਨੇ ਆਪਣੇ ਆਪਣੇ ਪ੍ਰਸੰਗਾਂ ਵਿੱਚ ਨਾ ਸ਼ਹੀਦੀ ਦੀ ਪਰੀਭਾਸ਼ਾ ਦਾ ਧਿਆਨ ਰਖਿਆ ਹੈ ਨ ਸਾਜ਼ਿਸ ਰਚਣੇ ਵਾਲਿਆਂ ਦਾ ਅਤੇ ਨਾ ਹੀ ਸ਼ਹੀਦੀ ਦੇਕਾਰਣਾਂ ਦੇ ਮਹੱਤਵ ਦਾ,ਜਿਨ੍ਹਾਂ ਉੱਚ ਆਦਰਸ਼ਾਂ ਨੂੰ ਮੁੱਖ ਰੱਖ ਕੇ ਗੁਰੂਜੀ ਨੇ ਆਪਣੇ ਪ੍ਰਾਣਾਂ ਦੀ ਆਹੁਤੀ ਦਿੱਤੀ ਸੀ।

ਸਾਡੇ ਅਖੋਤੀ ਵਿਧਵਾਨ ਇਤਨੇ ਭੋਲੇ ਮਨੁੱਖ ਹਨ ਕਿ ਉਹ ਸਾਜਿਸ਼ਕਾਰਾ ਨੂੰ ਪਕੜ ਕੇ ਮੁੜ ਸਹਿਜ ਵਿੱਚ ਉਨ੍ਹਾਂ ਨੂੰ ਬਰੀ ਕਰ ਦੇਂਦੇ ਹਨ ਅਤੇ ਉਨ੍ਹਾਂ ਦੀ ਰਚੀ ਸਾਜ਼ਿਸ ਵਿੱਚ ਫਸ ਕੇ ਨਿਰਦੋਸ਼ ਬੰਦਿਆਂ ਨੂੰ ਕਾਤਲ ਸਮਝਣ ਲਗ ਜਾਂਦੇ ਹਨ। ਜਿਨ੍ਹਾਂ ਨੂੰ ਸਾਜ਼ਿਸ਼ਕਾਰ ਆਪਣੀ ਥਾਂ ਤੇ ਫਸਾਣਾ ਚਾਹੁੰਦੇ ਸਨ। ਇਸ ਤਰ੍ਹਾਂ ਸ਼ਾਜ਼ਿਸਕਾਰ ਅੱਜ ਤੱਕ ਆਪਣੇ ਟੀਚੇ ਵਿੱਚ ਸਫਲ ਹੁੰਦੇ ਚਲੇ ਜਾ ਰਹੇ ਹਨ।

ਹੁਣ ਕੁਝ ਹੋਰ ਤਰੁਟਿਆਂ ਵੱਲ ਧਿਆਨ ਕੇਂਦ੍ਰਿਤ ਕਰਦੇ ਹਾਂ:- ਜੇਕਰ ਦੁਸ਼ਮਣ ਪੱਖ ਦਾ ਨਿਸ਼ਾਨਾ ਗੁਰੂਜੀ ਦੀ ਹੱਤਿਆ ਹੀ ਕਰਣਾਂ ਹੁੰਦਾ ਤਾਂ ਉਹ ਉਨ੍ਹਾਂ ਨੂੰ ਕਾਜ਼ੀ ਦੁਬਾਰਾ ਦਿੱਤੇ ਗਏ ਫਤਵੇ ਅਨੁਸਾਰ ਗਉ ਦੀ ਖਲ ਵਿੱਚ ਮੜ ਕੇ ਮਾਰ ਸਕਦੇ ਸਨ ਪਰੈ ਉਨ੍ਹਾਂ ਦਾ ਮੁੱਲ ਟੀਚਾ ਗੁਰੂਜੀ

ਨੂੰ ਇਸਲਾਮ ਸਵੀਕਾਰ ਕਰਾਉਣਾ ਸੀ ਨਾ ਕਿ ਜਾਨ ਤੋਂ ਮਾਰਣਾ। ਹੁਣ ਸੁਆਲ ਉਠਦਾ ਹੈ ਜੇਕਰ ਉਨ੍ਹਾਂ ਦਾ ਟੀਚਾ ਗੁਰੂਜੀ ਨੂੰ ਇਸਲਾਮ ਸਵੀਕਾਰ ਕਰਾਉਣਾ ਸੀ ਤਾਂ ਉਹ ਉਨ੍ਹਾਂ ਨੂੰ ਸਾੜਨਗੇ ਕਿਉਂ?

ਲਾਹੌਰ ਦੀ ਜਨਤਾ ਦੇ ਵਿਰੋਧ ਵਿਖਾਵੇ ਤੇ ਕਿਲੇਦਾਰ ਨੇ ਸਾਈ ਮੀਆਂ ਮੀਰ ਜੀ ਨੂੰ ਗੁਰਦੇਵ ਜੀ ਨੂੰ ਮਿਲਣ ਦੀ ਆਗਿਆ ਕਿਉਂ ਦੇਂਣੀ ਸੀ ਜੇਕਰ ਉਹ ਗੁਰੂਜੀ ਨੂੰ ਤੱਤੀ ਤਵੀ ਤੇ ਪਰਚੰਡ ਅਗਨੀ ਵਿੱਚ ਸਾੜਨੇ ਦਾ ਯਤਨ ਕਰ ਰਹੇ ਸਨ?

ਤਾਂ ਲਓ ਫਿਰ ਇਤਿਹਾਸਿਕ ਘਟਨਾਂ ਕ੍ਰਮ ਨੂੰ ਵਿਸਤਾਰ ਪੂਰਵਕ ਤੱਥਾ ਸਹਿਤ ਪੜੋ ਜੀ। ਜਿਸ ਨਾਲ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਸਪਸ਼ਟ ਦ੍ਰਿਸ਼ਟਾਮਾਨ ਹੋ ਜਾਏਗਾ। ਗੁਰਬਾਣੀ ਦਾ ਇਸ ਸੰਬੰਧ ਵਿੱਚ ਫੁਰਮਾਨ ਹੈ:-

"ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ"

## ਸ਼ਹੀਦੀ - ਸ੍ਰੀ ਗੁਰੂਅਰਜਨ ਦੇਵ ਜੀ

ਮੁਗਲ ਸ਼ਹਿਨਸ਼ਾਹ (ਸਮਰਾਟ) ਅਕਬਰ ਆਪਣੇ ਅੰਤਿਮ ਦਿਨਾਂ ਵਿਚ ਆਪਣੇ ਪੋਤਰੇ ਖੁਸਰੋ ਨੂੰ ਆਪਣਾ ਉਤਰਾਧਿਕਾਰੀ ਬਣਾਉਣਾ ਚਾਹੁੰਦਾ ਸੀ, ਜਦੋਂ ਕਿ ਉਸ ਦਾ ਆਪਣਾ ਪੁੱਤਰ ਸ਼ਹਿਜਾਦਾ ਸਲੀਮ (ਜਹਾਗੀਰ) ਜੋਕਿ ਬਹੁਮ ਸ਼ਰਾਬੀ ਸੀ ਉਹ ਵੀ ਹਰ ਹਾਲਾਤ ਵਿਚ ਸਿੰਘਾਸਣ ਪ੍ਰਾਪਤ ਕਰਨਾ ਚਾਹੁੰਦਾ ਸੀ। ਇਸ ਲਈ ਉਸਨੇ ਆਪਣੇ ਇਕ ਭਰੋਸੇਯੋਗ, ਵਿਸ਼ੇਸ਼ ਸੈਨਿਕ ਅਧਿਕਾਰੀ ਸ਼ੇਖ ਫਰੀਦ ਬੁਖਾਰੀ ਦੀ ਸਹਾਇਤਾ ਨਾਲ ਬਗਾਵਤ ਕਰ ਦਿੱਤੀ। ਪ੍ਰੰਤੂਇਸ ਬਗਾਵਤ ਵਿਚ ਉਸਨੂੰਹਾਰ ਦਾ ਮੂੰਹ ਦੇਖਣਾ ਪਿਆ। ਇਸ ਲਈ ਉਸਦੇ ਸਾਹਮਣੇ ਹਥਿਆਰ ਸੁੱਟ ਕੇ ਆਪਣੇ ਪਿਤਾ ਸਾਹਮਣੇ ਆਤਮ ਸਮਰਪਣ ਕਰਨ ਤੋਂ ਇਲਾਵਾ ਕੋਈ ਦੂਜਾ ਰਸਤਾ ਨਹੀ ਸੀ। ਆਪਣੀ ਇਸ ਵੱਡੀ ਭੁਲ ਕਾਰਣ ਉਸਨੂੰਜੇਲ ਵਿਚ ਰਹਿਣਾ ਪਿਆ।

ਜਹਾਂਗੀਰ ਦੀ ਮਾਂ ਨੇ ਉਸਦੇ ਦਿਆਲੂਪਿਤਾ ਦੇ ਸਾਹਮਣੇ ਖ਼ੂਨ ਦੇ ਰਿਸ਼ਤੇ ਦੀ ਦੁਹਾਈ ਦੇ ਕੇ ਉਸਨੂੰਉਸਦੀ ਇਸ ਵੱਡੀ ਭੁੱਲ ਤੇ ਮੁਆਫੀ ਦਿਵਾ ਦਿੱਤੀ। ਹੁਣ ਜਹਾਂਗੀਰ ਨੇ ਰਾਜ ਦਰਬਾਰੀਆਂ, ਅਧਿਕਾਰੀਆਂ ਅਤੇ ਮੌਲਵੀ, ਕਾਜ਼ੀ ਆਦਿ ਨੂੰਆਪਣੇ ਵੱਲ ਪ੍ਰੇਰਿਤ ਕਰਨਾ ਸ਼ੁਰੂਕਰ ਦਿੱਤਾ ਜਿਸ ਵਿਚ ਉਸ ਨੂੰਬਹੁਤ ਵੱਡੀ ਸਫਲਤਾ ਮਿਲੀ ਕਿਉਂਕਿ ਕੁਛ ਕੱਟੜ ਪੰਥੀ ਲੋਕ ਉਦਾਰਵਾਦੀ ਵਿਵਸਥਾ ਦੇ ਵਿਰੁਧ ਸਨ। ਤਦ ਉਸਦੇ ਵਿਸ਼ਵਾਸ਼ ਪਾਤਰ ਜਰਨੈਲ ਸ਼ੇਖ ਫਰੀਦ ਬੁਖਾਰੀ ਨੇ ਉਸਨੂੰਦੁਬਾਰਾ ਸਲਾਹ ਦਿੰਦੇ ਹੋਏ ਕਿਹਾ, "ਕੇਵਲ ਸੈਨਿਕ ਸ਼ਕਤੀ ਨਾਲ ਹੀ ਗੱਲ ਨਹੀਂ ਬਣੇਗੀ ਜਨਤਾ ਵਿਚ ਆਪਣਾ ਰਸੂਖ ਵੀ ਉਤਪੰਨ ਕਰਨਾ ਚਾਹੀਦਾ ਹੈ।" ਇਸ ਲਈ ਉਸਨੇ ਇਸ ਕੰਮ ਦੇ ਲਈ ਜਹਾਂਗੀਰ ਦੀ ਮੁਲਾਕਾਤ, ਆਪਣੇ ਪੀਰ ਮੁਰਸ਼ਦ ਸ਼ੇਖ ਅਹਿਮਦ ਸਰਹਿੰਦੀ ਨਾਲ ਕਰਵਾਈ। ਸ਼ੇਖ ਅਹਿਮਦ ਸਰਹਿੰਦੀ ਨੂੰਸ਼ੇਖ ਮਜ਼ਹਦ ਅਲਿਫ ਸਾਨੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਸ਼ੇਖ ਅਹਿਮਦ ਸਰਹਿੰਦੀ ਪਹਿਲਾਂ ਤੋਂ ਹੀ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਲਈ ਕਿਸੇ ਐਸੇ ਵਿਅਕਤੀ ਦੀ ਤਲਾਸ਼ ਵਿਚ ਸੀ ਜਿਸ ਦੇ ਸਹਿਯੋਗ ਨਾਲ ਇਸਲਾਮ ਦੇ ਪ੍ਰਚਾਰ ਅਤੇ ਪ੍ਰਸਾਰ ਨੂੰਤੇਜ ਕੀਤਾ ਜਾ ਸਕੇ। ਇਸ ਤਰ੍ਹਾਂ ਸਮੇਂ ਦਾ ਪੂਰਾ-ਪੂਰਾ ਲਾਭ ਉਠਾਦਿਆਂ ਹੋਇਆ ਸ਼ੇਖ ਫਰੀਦ ਬੁਖਾਰੀ ਵਰਗੇ ਸੰਪਰਦਾਇਕ ਮੁਸਲਮਾਨਾਂ ਨੇ ਸ਼ੇਖ ਅਹਿਮਦ ਸਰਹਿੰਦੀ ਨਾਲ ਜਹਾਂਗੀਰ ਦੀ ਇੱਕ ਗੁਪਤ ਸੰਧੀ ਕਰਵਾ ਦਿੱਤੀ। ਜਿਸਦੇ ਅੰਤਰਗਤ ਉਹ ਫਕੀਰੀ ਤੋਂ ਪ੍ਰਾਪਤ ਪ੍ਰਜਾ ਦੇ ਵਿਸ਼ਵਾਸ਼ ਨਾਲ ਜਹਾਂਗੀਰ ਨੂੰਸਿੰਘਾਸਨ ਦਿਲਵਾਉਣਗੇ। ਜਿਸ ਦੇ ਬਦਲੇ ਇਸਲਾਮ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਲਈ ਜਹਾਂਗੀਰ ਨੂੰਪ੍ਰਸ਼ਾਸਨਿਕ ਤਾਕਤ ਦਾ ਪ੍ਰਯੋਗ ਕਰਨਾ ਹੋਏਗਾ।

ਉਧਰ ਜਹਾਂਗੀਰ ਕਿਸੇ ਵੀ ਕੀਮਤ ਤੇ ਰਾਜ-ਸਿੰਘਾਸਣ ਪ੍ਰਾਪਤ ਕਰਨਾ ਚੁਹੁੰਦਾ ਸੀ। ਇਸ ਲਈ ਇਸ ਸੰਧੀ ਨੂੰਦੋਨਾਂ ਪੱਖਾਂ ਨੇ ਸਵਿਕਾਰ ਕਰ ਲਿਆ। ਸ਼ੇਖ ਫਰੀਦ ਬੁਖਾਰੀ ਦੇ ਵਾਂਗ ਜਹਾਂਗੀਰ ਨੇ ਵੀ ਸ਼ੇਖ ਅਹਿਮਦ ਸਰਹਿੰਦੀ ਨੂੰਆਪਣਾ ਪੀਰ ਮੰਨ ਲਿਆ। ਇਸ ਤਰ੍ਹਾਂ ਇਹਨਾਂ ਦੋਹਾਂ ਨੇ ਜਹਾਂਗੀਰ ਨੂੰ, ਤਖੱਤ ਦਿਲਵਾਉਣ ਦੀ ਜਿੰਮੇਵਾਰੀ ਆਪਣੇ ਉਪਰ ਲੈ ਲਈ। ਇਹਨਾਂ

ਲੋਕਾਂ ਦਾ ਵਿਸ਼ਵਾਸ਼ ਜਦੋਂ ਜਹਾਂਗੀਰ ਤੇ ਪੱਕਾ ਹੋ ਗਿਆ ਤਾਂ ਸ਼ੇਖ ਅਹਿਮਦ ਸਰਹਿੰਦੀ ਨੇ ਆਪਣੇ ਪੀਰੀ ਪ੍ਰਭਾਵ ਨਾਲ ਅਕਬਰ ਨੂੰਪ੍ਰਭਾਵਿਤ ਕੀਤਾ ਕਿ ਉਹ ਆਪਣੇ ਵੱਡੇ ਸ਼ਹਿਜ਼ਾਦੇ ਨੂੰਆਪਣਾ ਉਤਰਾਧਿਕਾਰੀ ਬਣਾਉਣ ਦਾ ਇਲਾਨ ਕਰ ਦੇਵੇ ਕਿਉਂਕਿ ਉਸਦਾ ਸਿੰਘਾਸਣ ਤੇ ਅਧਿਕਾਰ ਬਣਦਾ ਹੈ। ਫਿਰ ਬਾਅਦ ਵਿਚ ਸਮਾਂ ਆਉਣ ਤੇ ਖੁਸਰੋ ਨੂੰਆਪਣੇ ਆਪ ਹੀ ਉਸਦਾ ਅਧਿਕਾਰ ਮਿਲ ਜਾਵੇਗਾ। ਇਸ ਤੇ ਅਕਬਰ ਵੀ ਦਬਾਅ ਵਿਚ ਆ ਗਿਆ ਅਤੇ ਉਸਨੇ ਜਹਾਂਗੀਰ ਦਾ ਰਾਜਤਿਲਕ ਕਰ ਦਿੱਤਾ।

ਅਕਬਰ ਦੀ ਮੌਤ ਦੇ ਬਾਅਦ ਜਹਾਂਗੀਰ ਨੇ ਸ਼ੇਖ ਅਹਿਮਦ ਸਰਹਿੰਦੀ ਨੂੰਬਹੁਤ ਸਨਮਾਨ ਦੇਣਾ ਸ਼ੁਰੂਕਰ ਦਿੱਤਾ ਉਦੋਂ ਤੋਂ ਸਾਰੇ ਸਰਕਾਰੀ ਕੰਮਾਂ ਵਿਚ ਉਸ ਦੀ ਸਲਾਹ ਹੀ ਹੁਕਮ ਅਤੇ ਕਾਨੂੰਨ ਹੁੰਦਾ। ਇਸ ਤਰ੍ਹਾਂ ਹੌਲੀ-ਹੌਲੀ ਜਹਾਂਗੀਰ ਇਕ ਕਠਪੁਤਲੀ ਦੀ ਤਰ੍ਹਾਂ ਬਣਕੇ ਰਹਿ ਗਿਆ ਅਤੇ ਸ਼ੇਖ ਅਹਿਮਦ ਸਰਹਿੰਦੀ ਬੇਤਾਜ ਬਾਦਸ਼ਾਹ ਬਣ ਗਿਆ। ਦੂਸਰੇ ਸ਼ਬਦਾਂ ਵਿਚ ਸਰਕਾਰ ਦੇ ਸਾਰੇ ਫੈਸਲੇ ਸ਼ੇਖ ਅਹਿਮਦ ਸਰਹਿੰਦੀ ਦੇ ਹੀ ਹੁੰਦੇ ਜਦੋਂ ਕਿ ਬਾਦਸ਼ਾਹ ਕੇਵਲ ਐਸ਼ ਪ੍ਰਸਤੀ ਦੇ ਕਾਰਣ ਸ਼ਰਾਬ ਵਿਚ ਡੁੱਬਿਆ ਰਹਿੰਦਾ। ਅਜੇਹੇ ਹਾਲਾਤਾਂ ਵਿਚ ਸ਼ਹਿਜ਼ਾਦਾ ਖੁਸਰੋ ਨੇ ਤਖੱਤ ਪ੍ਰਾਪਤ ਕਰਨ ਲਈ ਆਪਣੇ ਪਿਤਾ ਵਿਰੁੱਧ ਬਗਾਵਤ ਕਰ ਦਿੱਤੀ। ਇਸ ਬਗਾਵਤ ਨੂੰਦਬਾਉਣ ਦਾ ਕੰਮ ਵੀ ਉਸ ਦੇ ਜਰਨੈਲ ਸ਼ੇਖ ਫਰੀਦ ਬੁਖਾਰੀ ਨੇ ਆਪਣੇ ਸਿਰ ਲੈ ਲਿਆ ਅਤੇ ਸੈਨਿਕ ਤਾਕਤ ਨਾਲ ਖੁਸਰੋ ਨੂੰਖਦੇੜ ਦਿੱਤਾ ਅਤੇ ਕਾਬੁਲ ਦੇ ਵੱਲ ਭੱਜਦੇ ਹੋਏ ਖੁਸਰੋ ਨੂੰਚਨਾਬ ਨਦੀ ਪਾਰ ਕਰਦੇ ਸਮੇਂ ਪਕੜ ਲਿਆ ਅਤੇ ਜਹਾਂਗੀਰ ਦੇ ਲਾਹੌਰ ਪਹੁੰਚਣ ਤੇ ਉਸਨੂੰਮੌਤ ਦੀ ਸਜ਼ਾ ਦੇ ਦਿੱਤੀ ਗਈ।

ਸ਼ੇਖ ਅਹਿਮਦ ਸਰਹਿੰਦੀ ਨੇ ਖੁਸਰੋ ਦੀ ਇਸ ਘਟਨਾ ਤੋਂ ਨਜਾਇਜ਼ ਫਾਇਦਾ ਉਠਾਉਣ ਦੀ ਯੋਜਨਾ ਬਣਾਈ। ਜਿਸ ਅਨੁਸਾਰ ਉਸਨੇ ਇਸਲਾਮ ਦੇ ਵਿਕਾਸ ਦੇ ਰਸਤੇ ਵਿਚ ਰੁਕਾਵਟ ਜਾਪ ਰਹੇ ਸ੍ਰੀ ਗੁਰੂਅਰਜਨ ਦੇਵ ਜੀ ਨੂੰਯੁਕਤੀ ਨਾਲ ਖਤਮ ਕਰਵਾਉਣ ਦਾ ਵਿਚਾਰ

ਬਣਾਇਆ। ਗੁਰੂਦੇਵ ਪੰਚਮ ਪਾਤਸ਼ਾਹ ਜੀ ਨੂੰ ਖੁਸਰੋ ਬਗਾਵਤ ਕਾਂਡ ਨਾਲ ਜੋੜ ਕੇ ਦੋਸ਼ੀ ਅਰੋਪਿਤ ਕੀਤਾ ਕਿ (ਗੁਰੂ) ਅਰਜਨ ਨੇ ਖੁਸਰੋ ਦੀ ਸੇਨਾਂ ਨੂੰ ਭੋਜਨ (ਲੰਗਰ) ਆਦਿ ਦੀ ਸੇਵਾ ਦੇ ਕੇ ਸਹਾਇਤਾ ਕੀਤੀ ਹੈ ਅਤੇ ਉਸਨੇ ਆਪਣੇ ਗ੍ਰੰਥ ਵਿਚ ਇਸਲਾਮ ਦੀ ਨਿੰਦਾ ਕੀਤੀ ਹੈ। ਇਸ ਲਈ ਉਹਨਾਂ ਨੂੰ ਪੇਸ਼ ਕੀਤਾ ਜਾਵੇ ਅਤੇ ਆਪਣਾ ਪਖ ਪੇਸ਼ ਕਰਨ ਲਈ ਆਪਣਾ ਗ੍ਰੰਥ ਵੀ ਨਾਲ ਲਿਆਉਣ। ਇਸ ਆਦੇਸ਼ ਦੇ ਜਾਰੀ ਹੋਣ ਤੇ ਗੁਰੂਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਵਿਸ਼ੇਸ਼ ਸਿੱਖਾਂ ਦੀ ਦੇਖ-ਰੇਖ ਵਿਚ ਨਾਲ ਲਿਆ ਅਤੇ ਉਹ ਖੁੱਦ ਲਾਹੌਰ ਪਹੁੰਚ ਗਏ। ਉਥੇ ਉਹਨਾਂ ਨੂੰ ਬਾਗੀ ਖੁਸਰੋ ਨੂੰ ਸਹਾਇਤਾ ਦੇਣ ਦੇ ਅਰੋਪ ਵਿਚ ਬਾਗੀ ਘੋਸਿਤ ਕਰ ਦਿੱਤਾ ਅਤੇ ਦੂਸਰੇ ਇਲਜ਼ਾਮਾਂ ਵਿਚ ਇਹ ਕਿਹਾ ਕਿ ਉਹ ਇਸਲਾਮ ਦੇ ਵਿਰੁਧ ਪ੍ਰਚਾਰ ਕਰਦੇ ਹਨ।

ਇਸ ਦੇ ਉਤਰ ਵਿਚ ਗੁਰਦੇਵ ਨੇ ਦਸਿਆ ਕਿ ਖੁਸਰੋ ਅਤੇ ਉਸਦੇ ਸਾਥੀਆਂ ਨੇ ਗੁਰੂਦੇ ਲੰਗਰ ਗੋਇੰਦਵਾਲ ਵਿਚ ਭੋਜਨ ਜ਼ਰੂਰ ਛਕਿਆ ਹੈ ਪ੍ਰੰਤੂ ਮੈਂ ਉਹਨਾਂ ਦਿਨਾਂ ਵਿਚ ਤਰਨ-ਤਰਨ ਸੀ। ਪਰ ਭੋਜਨ (ਲੰਗਰ) ਪ੍ਰਾਪਤ ਕਰਨ ਲਈ ਗੁਰੂਨਾਨਕ ਦੇ ਦਰ ਤੇ ਕੋਈ ਵੀ ਆ ਸਕਦਾ ਹੈ। ਫਕੀਰੀ ਦਾ ਦਰ ਹੋਣ ਕਾਰਣ ਰਾਜੇ ਰੰਕ ਦਾ ਭੇਦ ਨਹੀਂ ਕੀਤਾ ਜਾਂਦਾ। ਇਸ ਲਈ ਕਿਸੇ ਤੇ ਕੋਈ ਵੀ ਰੋਕ ਲਗਾਉਣ ਦਾ ਤਾਂ ਪ੍ਰਸ਼ਨ ਹੀ ਪੈਂਦਾ ਨਹੀਂ ਹੁੰਦਾ। ਤੁਹਾਡੇ ਪਿਤਾ ਸਮਰਾਟ ਅਕਬਰ ਆਪਣੇ ਸਮੇਂ ਇਸ ਦਰ ਤੇ ਆਏ ਸਨ ਅਤੇ ਭੋਜਨ ਗ੍ਰਹਿਣ ਕਰਕੇ ਆਪਣੇ ਆਪ ਨੂੰ ਸੰਤੁਸ਼ਟ ਅਨੁਭਵ ਕੀਤ ਸੀ।

ਇਸ ਉਤਰ ਨੂੰ ਸੁਣ ਕੇ ਸਮਰਾਟ ਜਹਾਂਗੀਰ ਸੰਤੁਸ਼ਟ ਹੋ ਗਿਆ ਪ੍ਰੰਤੂ ਸ਼ੇਖ ਅਹਿਮਦ ਸਰਹਿੰਦੀ ਅਤੇ ਉਸ ਦੇ ਸਾਥੀਆਂ ਨੇ ਕਿਹਾ ਕਿ ਉਹਨਾਂ ਨੇ ਗ੍ਰੰਥ ਵਿਚ ਇਸਲਾਮ ਦਾ ਅਪਮਾਨ ਕਿਉਂ ਕੀਤਾ ਹੈ। ਜਦੋਂ ਕਿ ਉਸ ਵਿਚ ਹਜ਼ਰਤ ਮਹੁੰਮਦ ਸਾਹਿਬ ਦੀ ਤਾਰੀਫ ਹੋਣੀ ਚਾਹੀਦੀ ਹੈ। ਇਸ ਤੇ ਗੁਰੂਦੇਵ ਨੇ ਨਾਲ ਆਏ ਸਿੱਖਾਂ ਨੂੰ ਆਦਿ ਗ੍ਰੰਥ ਦਾ ਪ੍ਰਕਾਸ਼ ਕਰਕੇ ਹੁਕਮਨਾਮਾ ਲੈਣ ਦਾ ਆਦੇਸ਼ ਦਿੱਤਾ। ਤਦ ਜੋ ਹੁਕਮ ਪ੍ਰਾਪਤ ਹੋਇਆ ਉਹ ਇਸ ਪ੍ਰਕਾਰ ਹੈ-

ਖਾਕ ਨੂਰ ਕਰਿਦੰ ਆਲਮ ਦੁਨਿਆਇ॥

ਅਸਮਾਨ ਜਿਮੀ ਦਰਖਤ ਆਬ ਪੈਦਾਇਸ ਖੁਦਾਇ॥ (ਅੰਕ ੭੨੩)

ਇਹ ਹੁਕਮਨਾਮਾ/ਵਾਕ ਜਹਾਂਗੀਰ ਨੂੰਬਹੁਤ ਚੰਗਾ ਲਗਿਆ ਪ੍ਰੰਤੂਸ਼ੇਖ ਅਹਿਮਦ ਸਰਹਿੰਦੀ ਨੂੰਆਪਣੀ ਬਾਜ਼ੀ ਹਾਰਦੀ ਨਜ਼ਰ ਆਉਣ ਲਗੀ ਅਤੇ ਉਹ ਕਹਿਣ ਲੱਗਾ ਕਿ ਇਸ ਕਲਾਮ ਨੂੰਇਹਨਾਂ ਨੇ ਨਿਸ਼ਾਨੀ ਲਗਾ ਕੇ ਰੱਖਿਆ ਹੈ ਇਸ ਲਈ ਉਸੇ ਥਾਂ ਪੜ੍ਹਿਆ ਹੈ। ਇਸ ਲਈ ਕਿਸੇ ਦੂਸਰੇ ਸਥਾਨ ਤੋਂ ਪੜ ਕੇ ਦੇਖਿਆ ਜਾਵੇ। ਇਸ ਤੇ ਜਹਾਂਗੀਰ ਨੇ ਆਪਣੇ ਹੱਥਾਂ ਨਾਲ ਕੁਝ ਅੰਕ ਪਲਟਾ ਕੇ ਦੁਬਾਰਾ ਪੜਣ ਲਈ ਕਿਹਾ। ਇਸ ਵਾਰ ਜੋ ਹੁਕਮਨਾਮਾ ਆਇਆ ਉਹ ਇਸ ਤਰ੍ਹਾਂ ਹੈ-

ਅਵਲਿ ਅਲਹ ਨੂਰ ਉਪਾਇਆ ਕੁਦਰਤਿ ਦੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗ ਉਪਜਿਆ ਕਉਨ ਭਲੇ ਕਉਨ ਮੰਦੇ। (ਅੰਕ ੧੩੪੯)

ਇਹ ਸ਼ਬਦ ਸੁਣ ਕੇ ਜਹਾਂਗੀਰ ਪ੍ਰਸੰਨ ਹੋ ਗਿਆ। ਪ੍ਰੰਤੂਦੁਸ਼ਟ ਜੁੰਡਲੀ ਨੇ ਦੁਬਾਰਾ ਕਹਿ ਦਿੱਤਾ ਕਿ ਇਹ ਕਲਾਮ ਵੀ ਇਹਨਾਂ ਲੋਕਾਂ ਨੇ ਜ਼ੁਬਾਨੀ ਯਾਦ ਕੀਤਾ ਲੱਗਦਾ ਹੈ। ਇਸ ਲਈ ਕੋਈ ਐਸਾ ਆਦਮੀ ਬੁਲਾਇਆ ਜਾਵੇ ਜੋ ਗੁਰਮੁਖੀ ਅਖਰਾਂ ਦਾ ਗਿਆਨ ਰਖਦਾ ਹੋਵੇ ਤਾਕਿ ਉਸ ਕੋਲੋ ਇਸ ਕਲਾਮ ਬਾਰੇ ਠੀਕ-ਠੀਕ ਪਤਾ ਕੀਤਾ ਜਾ ਸਕੇ।

ਜਦੋਂ ਇਕ ਗੈਰ-ਸਿੱਖ ਆਦਮੀ ਨੂੰਬੁਲਾਇਆ ਗਿਆ ਜੋ ਕਿ ਗੁਰਮੁੱਖੀ ਪੜਣਾ ਜਾਣਦਾ ਸੀ। ਉਸਨੂੰਗੁਰੂਗ੍ਰੰਥ ਸਾਹਿਬ ਵਿਚੋਂ ਪਾਠ ਪੜਨ ਦਾ ਹੁਕਮ ਦਿੱਤਾ ਗਿਆ। ਉਸ ਵਿਅਕਤੀ ਨੇ ਜਦੋਂ ਗੁਰੂਗ੍ਰੰਥ ਸਾਹਿਬ ਦਾ ਪਾਠ ਸ਼ੁਰੂਕੀਤਾ ਤਾਂ ਹੇਠ ਲਿਖਿਆ ਹੁਕਮਨਾਮਾ ਆਇਆ-

ਬਿਸਰ ਗਈ ਸਭ ਤਾਤਿ ਪਰਾਈ ਜਬ ਤੇ ਸਾਧ ਸੰਗਤਿ ਮੋਹਿ ਪਾਈ। (ਅੰਕ ੧੨੯੯)

ਇਸ ਹੁਕਮਨਾਮੇ ਨੂੰ ਸੁਣ ਕੇ ਜਹਾਂਗੀਰ ਫਿਰ ਸੰਤੁਸ਼ਟ ਹੋ ਗਿਆ ਪ੍ਰੰਤੂ ਜੁੰਡਲੀ ਦੇ ਲੋਕ ਹਾਰ ਮੰਨਣ ਨੂੰ ਤਿਆਰ ਨਹੀਂ ਸਨ ਉਹਨਾਂ ਨੇ ਕਿਹਾ ਠੀਕ ਹੈ ਪ੍ਰੰਤੂ ਇਸ ਗ੍ਰੰਥ ਵਿਚ ਹਜ਼ਰਤ ਮੁਹਮਦ ਸਾਹਿਬ ਅਤੇ ਇਸਲਾਮ ਦੀ ਤਾਰੀਫ ਲਿਖਣੀ ਪਏਗੀ। ਇਸ ਦੇ ਉੱਤਰ ਵਿਚ ਗੁਰੂ ਜੀ ਨੇ ਕਿਹਾ ਕਿ ਇਸ ਗ੍ਰੰਥ ਵਿਚ ਨਿਰਪਖਤਾ ਅਤੇ ਸਮਾਨਤਾ ਦੇ ਅਧਾਰ ਤੋਂ ਇਲਾਵਾ ਕਿਸੇ ਵਿਸ਼ੇਸ਼ ਵਿਅਕਤੀ ਦੀ ਪ੍ਰਸੰਸਾ ਨਹੀਂ ਲਿਖੀ ਜਾ ਸਕਦੀ ਅਤੇ ਨਾਂ ਹੀ ਕਿਸੇ ਵਿਸ਼ੇਸ਼ ਸੰਪਰਦਾਇ ਦੀ ਤਾਰੀਫ ਲਿਖੀ ਜਾ ਸਕਦੀ ਹੈ। ਇਸ ਗ੍ਰੰਥ ਵਿਚ ਕੇਵਲ ਨਿਰਾਕਾਰ ਪ੍ਰਮਾਤਮਾ ਦੀ ਹੀ ਤਾਰੀਫ ਕੀਤੀ ਗਈ ਹੈ। ਜਹਾਂਗੀਰ ਨੇ ਜਦੋਂ ਇਹ ਸੁਣਿਆ ਤਾਂ ਉਹ ਸਾਂਤ ਹੋ ਗਿਆ। ਪ੍ਰੰਤੂ ਸ਼ੇਖ ਅਹਿਮਦ ਸਰਹਿੰਦੀ ਅਤੇ ਸ਼ੇਖ ਫਰੀਦ ਬੁਖਾਰੀ ਜੋ ਕਿ ਪਹਿਲਾਂ ਤੋਂ ਹੀ ਅੱਗ ਬਬੂਲੇ ਹੋਏ ਬੈਠੇ ਸਨ ਉਹਨਾਂ ਦਾ ਕਹਿਣਾ ਸੀ ਕਿ ਇਹ ਤਾਂ ਬਾਦਸ਼ਾਹ ਦੀ ਤੌਹੀਨ ਹੈ ਅਤੇ ਗੁਰੂ ਅਰਜਨ ਦੀਆਂ ਗੱਲਾਂ ਵਿਚੋਂ ਬਗਾਵਤ ਦੀ ਬੂਆਉਂਦੀ ਹੈ। ਇਸ ਲਈ ਇਹਨਾਂ ਨੂੰ ਮੁਆਫ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਚਾਪਲੂਸਾਂ ਦੇ ਚੁੰਗਲ ਵਿਚ ਫੱਸ ਕੇ ਬਾਦਸ਼ਾਹ ਵੀ ਗੁਰੂਦੇਵ ਉਤੇ ਦਬਾਅ ਪਾਉਣ ਲੱਗ ਕਿ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮਹੁੰਮਦ ਸਾਹਿਬ ਅਤੇ ਇਸਲਾਮ ਦੀ ਤਾਰੀਫ ਜ਼ਰੂਰ ਲਿਖਣੀ ਚਾਹੀਦੀ ਹੈ। ਗੁਰੂ ਜੀ ਇਸ ਵਿਚ ਆਪਣੀ ਅਸਮਰੱਥਾ ਦਰਸਾਉਂਦੇ ਹੋਏ ਸਾਫ ਇਨਕਾਰ ਕਰ ਦਿੱਤਾ। ਬਸ ਫੇਰ ਕੀ ਸੀ? ਦੁਸ਼ਟਾ ਨੂੰ ਮੌਕਾ ਮਿਲ ਗਿਆ। ਉਹਨਾਂ ਨੇ ਬਾਦਸ਼ਾਹ ਨੂੰ ਮਜਬੂਰ ਕੀਤਾ ਕਿ (ਗੁਰੂ) ਅਰਜਨ ਬਾਗੀ ਹੈ। ਇਹ ਆਪ ਦੀ ਹੁਕਮ ਹਦੂਲੀ ਗੁਸਤਾਖੀ ਕਰ ਰਿਹਾ ਹੈ ਅਤੇ ਆਪ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਕੇ ਇੱਕ ਛੋਟੀ ਜਿਹੀ ਗਲ ਨੂੰ ਮੰਨਣ ਲਈ ਤਿਆਰ ਨਹੀਂ ਇਸ ਲਈ ਇਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਉਚਿੱਤ ਹੈ।

ਇਸ ਤਰ੍ਹਾਂ ਬਾਦਸ਼ਾਹ ਨੇ ਗੁਰੂ ਜੀ ਤੇ ਇਕ ਲੱਖ ਰੁਪਏ ਦਾ ਜੁਰਮਾਨਾ ਲਗਾ ਦਿੱਤਾ ਅਤੇ ਉਹ ਆਮ ਸਿੰਧ ਦੀ ਤਰਫ ਚਲਾ ਗਿਆ। ਕਿਉਂਕਿ ਉਹ ਜਾਣਦਾ ਸੀ ਕਿ ਚਾਪਲੂਸਾਂ ਨੇ ਉਸਤੋਂ ਗਲਤ ਹੁਕਮ ਦੁਆਇਆ ਹੈ। ਬਾਦਸ਼ਾਹ ਦੇ ਜਾਣ ਤੋਂ ਬਾਅਦ ਦੁਸ਼ਟਾਂ ਨੇ ਲਾਹੌਰ ਦੇ ਗਵਰਨਰ

ਮੁਰਤਜ਼ਾ ਖਾਣ ਤੋਂ ਮੰਗ ਕੀਤੀ ਕਿ ਉਹ ਗੁਰੂਜੀ ਤੋਂ ਜੁਰਮਾਣੇ ਦੀ ਰਕਮ ਵਸੂਲ ਕਰੇ। ਗੁਰੂਜੀ ਨੇ ਜੁਰਮਾਨਾ ਭਰਣ ਤੋਂ ਸਾਫ ਇਨਕਾਰ ਕਰ ਦਿੱਤਾ ਕਿਉਂਕਿ ਜਦੋਂ ਕੋਈ ਜ਼ੁਰਮ ਹੀ ਨਹੀਂ ਕੀਤਾ ਤਾਂ ਦੰਡ ਕਿਉਂ ਭਰਿਆ ਜਾਵੇ। ਲਾਹੌਰ ਦੇ ਕੁੱਛ ਅਮੀਰ ਸਿੱਖਾਂ ਨੇ ਦੰਡ ਦੀ ਰਕਮ ਭਰਨੀ ਚਾਹੀ ਪ੍ਰੰਤੂਗੁਰੂਜੀ ਨੇ ਸਿੱਖਾਂ ਨੂੰਮਨਾਂ ਕਰ ਦਿੱਤਾ ਅਤੇ ਕਿਹਾ ਕਿ ਸੰਗਤ ਦਾ ਧੰਨ ਨਿੱਜੀ ਕੰਮਾਂ ਤੇ ਵਰਤਣਾ ਅਪਰਾਧ ਹੈ। ਆਤਮ-ਸੁਰਖਿਆ ਅਤੇ ਵਿਅਕਤੀਗਤ ਸੁਆਰਥ ਲਈ ਸੰਗਤ ਦੇ ਧੰਨ ਦਾ ਦੁਰਉਪਯੋਗ ਕਰਨਾ ਉਚਿਤ ਨਹੀਂ।

ਗੁਰੂਜੀ ਨੇ ਉਸ ਸਮੇਂ ਨਾਲ ਆਏ ਹੋਏ ਸਿੱਖਾਂ ਨੂੰਹੁਕਮ ਦਿੱਤਾ ਕਿ ਉਹ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਸਵਰੂਪ ਦੀ ਸੇਵਾ-ਸੰਭਾਲ ਕਰਣ ਲਈ ਅੰਮ੍ਰਿਤਸਰ ਵਾਪਿਸ ਚਲੇ ਜਾਣ। ਗੁਰੂਜੀ ਨੂੰਅਨੁਭਵ ਹੋ ਗਿਆ ਸੀ ਕਿ ਦੁਸ਼ਟ ਜੁੰਡਲੀ, ਆਦਿ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਿਲਾਵਟ ਕਰਵਾ ਕੇ ਪ੍ਰਮੇਸ਼ਵਰ ਦੀ ਮਹਿਮਾ ਨੂੰਸਮਾਪਤ ਕਰਨ ਦੀ ਕੋਸ਼ਿਸ਼ ਜ਼ਰੂਰ ਕਰਨਗੇ। ਕਿਉਂਕਿ ਉਹਨਾਂ ਦੇ ਇਸਲਾਮਿਕ ਪ੍ਰਚਾਰ ਵਿਚ ਲੋਕ ਪ੍ਰਿਯ ਬਾਣੀ ਰੁਕਾਵਟ ਸੀ। ਅਸਲ ਵਿਚ ਉਹ ਲੋਕ ਨਹੀਂ ਚਾਹੁੰਦੇ ਸਨ ਕਿ ਜਣ-ਸਾਧਾਰਣ ਦੀ ਭਾਸ਼ਾ ਵਿਚ ਅਧਿਆਤਮਕ ਗਿਆਨ ਫੈਲਾਇਆ ਜਾਵੇ ਕਿਉਂ ਕਿ ਉਹਨਾਂ ਦੀ ਆਪਣੀ ਪੀਰੀ-ਫਕੀਰੀ ਦੀ ਪੋਲ ਖੁਲ੍ਹ ਰਹੀ ਸੀ।

ਦੇਵਨੇਤ-ਦੁਸ਼ਟ ਲੋਕ ਆਪਣੀ ਚਾਲ ਵਿਚ ਸਫਲ ਨਹੀਂ ਹੋਏ; ਵੈਸੇ ਆਪਣੇ ਵਲੋਂ ਉਹਨਾਂ ਨੇ ਕੋਈ ਵੀ ਕਸਰ ਨਹੀਂ ਛਡੀ ਸੀ। ਇਸ ਲਈ ਕਿਸੇ ਨਵੇਂ ਕਾਂਡ ਤੋਂ ਪਹਿਲਾਂ ਹੀ ਗੁਰੂਗ੍ਰੰਥ ਸਾਹਿਬ ਦੇ ਸਰੂਪ ਨੂੰਸੁਰਖਿਅਤ ਸਥਾਨ ਤੇ ਪਹੁੰਚਾਉਣਾ ਜ਼ਰੂਰੀ ਸੀ।

ਬਹੁਤ ਲੰਮੇ ਸਮੇਂ ਤੋਂ ਮੁਰਤਜ਼ਾ ਖਾਨ ਲਾਹੌਰ ਦਾ ਗਵਰਨਰ ਚਲਿਆ ਆ ਰਿਹਾ ਸੀ। ਅਕਬਰ ਦੇ ਰਾਜ ਕਾਲ ਵਿਚ ਜਦੋਂ ਲਾਹੌਰ ਵਿਚ ਕਾਲ ਪਿਆ ਸੀ ਤਾਂ ਸਮੇਂ-ਸਮੇਂ ਚੇਚਕ, ਹੈਜ਼ਾ, ਪਲੇਗ ਗਿਲਟੀ, ਬੁਖਾਰ ਆਦਿ ਬੀਮਾਰੀਆਂ ਕਾਰਣ ਬਹੁਤ ਸਾਰਾ ਜਾਨੀ ਨੁਕਸਾਨ ਹੋਇਆ ਸੀ। ਉਸ ਸਮੇਂ ਗੁਰੂਜੀ ਦੁਆਰਾ ਜਨਤਾ ਦੀ ਬਿਨਾ ਭੇਦਭਾਵ ਕੀਤੀ ਗਈ ਨਿਸ਼ਕਾਮ

ਸੇਵਾ-ਭਾਵ ਮੁਰਤਜ਼ਾ ਖਾਨ ਦੇਖ ਚੁੱਕਾ ਸੀ। ਇਸ ਲਈ ਗੁਰੂਜੀ ਦਾ ਲੋਕਪ੍ਰਿਆ ਹੋਣਾ, ਅਤੇ ਸਾਈ ਮੀਆਂ-ਮੀਰ ਜੀ ਦੀ ਗੁਰੂਜੀ ਨਾਲ ਖਾਸ ਮਿਤਰੱਤਾ ਵੀ ਉਸ ਤੋਂ ਛੁੱਪੀ ਨਹੀਂ ਸੀ। ਗੁਰੂਜੀ ਦਾ ਉਹ ਬਹੁਤ ਵੱਡਾ ਰਿਣੀ ਸੀ ਕਿਉਂਕਿ ਮੋਕਾ ਪੈਣ ਦੇ ਸਮੇਂ ਗੁਰੂਜੀ ਨੇ ਕਿਸਾਨਾਂ ਦਾ ਲਗਾਨ ਸਮਰਾਟ ਅਕਬਰ ਤੋਂ ਮਾਫ ਕਰਾਇਆ ਸੀ ਜਿਸ ਦੇ ਲਈ ਉਹ ਵੀ ਗੁਰੂਜੀ ਦਾ ਪ੍ਰਸ਼ੰਸ਼ਕ ਬਣ ਗਿਆ ਸੀ। ਇਸ ਲਈ ਮੁਰਤਜ਼ਾ ਖਾਨ ਜੁੰਡਲੀ ਦੇ ਲੋਕਾਂ ਨਾਲ ਸਹਿਮਤ ਨਹੀਂ ਸੀ। ਉਹ ਨਹੀਂ ਚਾਹੁੰਦਾ ਸੀ ਕਿ ਉਸ ਦੇ ਹਥੋਂ ਕੋਈ ਭਿਅੰਕਰ ਭੁਲ ਹੋਵੇ। ਇਸ ਲਈ ਉਹ ਬਹੁਤ ਵੱਡੀ ਮੁਸ਼ਕਲ ਵਿਚ ਸੀ। ਇਕ ਪਾਸੇ ਬਾਦਸ਼ਾਹ ਦੇ ਪੀਰ ਅਤੇ ਮੁਰਸ਼ਦ ਦਾ ਹੁਕਮ ਸੀ ਜਿਸਦੀ ਸਥਿਤੀ ਉਸ ਸਮੇਂ ਕਿਸੇ ਬੇਤਾਜ ਬਾਦਸ਼ਾਹ ਨਾਲੋਂ ਘੱਟ ਨਹੀਂ ਸੀ ਅਤੇ ਉਸ ਨਾਲ ਅਣਬਣ ਕਰਨ ਦਾ ਸਿੱਧਾ ਅਰਥ ਗਵਰਨਰੀ ਖੋਹਾਣਾ ਸੀ।

ਮੁਰਤਜ਼ਾ ਖਾਨ ਅਜੇ ਇਸ ਦੁਵਿਧਾ ਵਿਚ ਸੀ ਕਿ ਉਸ ਦੀ ਸਮੱਸਿਆ ਦੀਵਾਨ ਚੰਦੂਲਾਲ ਨੇ ਹਲ ਕਰ ਦਿੱਤੀ। ਚੰਦੂਨੇ ਕਿਹਾ ਗੁਰੂਅਰਜਨ ਦੇਵ ਨੂੰਮੇਰੇ ਹਵਾਲੇ ਕਰ ਦਿਉ। ਮੈਨੂੰਉਹਨਾਂ ਨਾਲ ਕੋਈ ਪੁਰਾਣਾ ਹਿਸਾਬ ਚੁਕਾਣਾ ਹੈ ਕਿਉਂਕਿ ਉਹਨਾਂ ਨੇ ਕੁਛ ਲੋਕਾਂ ਦੇ ਕਹਿਣ ਤੇ ਮੇਰੀ ਲੜਕੀ ਦਾ ਰਿਸ਼ਤਾ ਆਪਣੇ ਸਾਹਿਬਜਾਦੇ ਲਈ ਅਸਵੀਕਾਰ ਕਰ ਦਿੱਤਾ ਸੀ। ਹੁਣ ਮੈਂ ਦਬਾਅ ਪਾ ਕੇ ਰਿਸ਼ਤੇ ਨੂੰਦੁਬਾਰਾ ਸਵੀਕਾਰ ਕਰਨ ਲਈ ਮਜਬੂਰ ਕਰਾਗਾਂ ਅਤੇ ਜੁਰਮਾਣੇ ਦੀ ਰਕਮ ਇਹ ਜਾਣ ਕੇ ਜਮ੍ਹਾਂ ਕਰਵਾ ਦਿਆਗਾਂ ਕਿ ਲੜਕੀ ਦਾ ਦਹੇਜ ਦਿੱਤਾ ਹੈ। ਮੁਰਤਜ਼ਾ ਖਾਨ ਇਸ ਗੱਲ ਲਈ ਝਟ ਸਹਿਮਤ ਹੋ ਗਿਆ ਅਤੇ ਉਸਨੇ ਗੁਰੂਜੀ ਨੂੰਚੰਦੂਲਾਲ ਦੇ ਹਵਾਲੇ ਕਰ ਦਿੱਤਾ।

ਉਧਰ ਚੰਦੂਦੇ ਮਨ ਵਿਚ ਵਿਚਾਰ ਚਲ ਰਿਹਾ ਸੀ ਕਿ ਇਹ ਕੋਈ ਖਾਸ ਗੱਲ ਨਹੀਂ। ਪ੍ਰਸ਼ਾਸਨ ਦੇ ਡਰ ਤੋਂ ਗੁਰੂਅਰਜਨ ਉਸ ਦੀ ਲੜਕੀ ਦਾ ਰਿਸ਼ਤਾ ਸਵੀਕਾਰ ਕਰ ਲਏਗਾ ਅਤੇ ਉਸ ਦੀ ਵਿਅਕਤੀਗਤ ਸਫਲਤਾ ਵੀ ਇਸੇ ਵਿਚ ਸੀ ਕਿ ਉਹ ਲੋੜ ਸਮੇਂ ਮੁਰਤਜ਼ਾ ਖਾਨ ਦੇ

ਕੰਮ ਆਵੇ। ਇਸ ਤਰ੍ਹਾਂ ਕਰਨ ਨਾਲ ਉਸਦਾ ਆਪਣਾ ਮਾਨ ਵੀ ਵਧੇਗਾ ਅਤੇ ਵੱਡਾ ਅਹੁਦਾ ਪ੍ਰਾਪਤ ਹੋਵੇਗਾ।

ਇਸ ਤਰ੍ਹਾਂ ਗੁਰੂਜੀ ਨੂੰ ਉਹ ਆਪਣੀ ਹਵੇਲੀ ਲੈ ਗਿਆ ਅਤੇ ਕਈ ਢੰਗਾਂ ਨਾਲ ਗੁਰੂਜੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਰਿਸ਼ਤੇਦਾਰੀ ਕਾਇਮ ਹੋ ਸਕੇ।

ਇਸ ਤੇ ਉਹ ਆਪਣੀ ਗੱਲ ਕਹਿੰਦਾ ਹੋਇਆ ਬੋਲਿਆ, ਇਸ ਵਿਚ ਸਾਡੇ ਤਿੰਨਾਂ ਦਾ ਭਲਾ ਹੈ। ਤੁਹਾਨੂੰ ਪ੍ਰਸ਼ਾਸਨ ਦੇ ਕ੍ਰੋਧ ਤੋਂ ਮੁੱਕਤੀ ਮਿਲ ਜਾਵੇਗੀ ਅਤੇ ਮੇਰੀ ਬਰਾਦਰੀ ਵਿਚ ਇਜ਼ਤ ਵਧੇਗੀ। ਪਰ ਗੁਰੂਜੀ ਨੇ ਉਸ ਦੀ ਇਕ ਨਹੀਂ ਮੰਨੀ ਅਤੇ ਆਪਣੇ ਦ੍ਰਿੜ ਫੈਸਲੇ ਤੇ ਉਹ ਅਡੋਲ ਰਹੇ। ਉਸ ਦੇ ਘਰ ਅੰਨ ਜਲ ਵੀ ਸਵੀਕਾਰ ਨਹੀਂ ਕੀਤਾ। ਕੇਵਲ ਇੱਕ ਹੀ ਉੱਤਰ ਦਿੱਤਾ ਕਿ ਉਹਨਾਂ ਨੂੰ ਸੰਗਤ ਦਾ ਹੁਕਮ ਹੈ ਕਿ ਉਸਦੀ ਲੜਕੀ ਦਾ ਰਿਸ਼ਤਾ ਸਵੀਕਾਰ ਨਹੀਂ ਕਰਨਾ ਕਿਉਂਕਿ ਉਸਨੇ ਗੁਰੂਨਾਨਕ ਦੇ ਦਰ (ਘਰ) ਨੂੰ ਛੋਟੀ ਜਿਹੀ ਕੁਟੀਆ ਕਿਹਾ ਹੈ ਅਤੇ ਆਪਣੇ ਆਪ ਨੂੰ ਚੌਬਾਰੇ ਦਾ ਮਾਲਿਕ ਕਿਹਾ ਹੈ। ਇਸ ਉੱਤਰ ਤੇ ਉਸਨੇ ਗੁਰੂਦੇਵ ਨੂੰ ਮਨਾਉਣ ਲਈ ਬਹੁਤ ਉਲਟੇ ਸਿੱਧੇ ਯਤਨ ਕਿੱਤੇ। ਅੰਤ ਵਿਚ ਉਹ ਗੁਰੂਜੀ ਨੂੰ ਹਰ ਤਰ੍ਹਾਂ ਦੀ ਧਮਕੀ ਦੇਣ ਲੱਗਾ ਪਰ ਗੱਲ ਫਿਰ ਵੀ ਬਣਦੀ ਵਿਖਾਈ ਨਾਂ ਦਿੱਤੀ। ਉਸਨੇ ਤੰਗ ਆਕੇ ਸਖਤ ਗਰਮੀ ਦੇ ਦਿਨਾਂ ਵਿਚ ਗੁਰੂਜੀ ਨੂੰ ਭੁੱਖੇ ਪਿਆਸੇ ਆਪਣੀ ਹਵੇਲੀ ਦੇ ਵਿਚ ਬੰਦ ਕਰ ਦਿੱਤਾ।

ਇਸ ਤੋਂ ਬਾਅਦ ਰਾਤ ਨੂੰ ਏਕਾਂਤ ਪਾ ਕੇ, ਚੰਦੂ ਦੀ ਨੂਹ ਜੋ ਕਿ ਗੁਰੂਘਰ ਦੀ ਸ਼ਰਧਾਲੂ ਸੀ, ਗੁਰੂਜੀ ਵਾਸਤੇ ਸ਼ਰਬਤ ਲੈ ਕਿ ਆਈ ਅਤੇ ਬੇਨਤੀ ਕਰਨ ਲਗੀ ਕਿ ਗੁਰੂਜੀ ਜਲ ਸਵੀਕਾਰ ਕਰੋ ਅਤੇ ਉਸਦੇ ਸੁਹਰੇ ਨੂੰ ਮੁਆਫ ਕਰ ਦੇਣ ਕਿਉਂਕਿ ਉਹ ਨਹੀਂ ਜਾਣਦਾ ਕਿ ਉਹ ਗੁਸਤਾਖੀ ਕਰ ਰਿਹਾ ਹੈ। ਗੁਰੂਜੀ ਨੇ ਉਸਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਪੁਤਰੀ ਮੈਂ ਮਜਬੂਰ ਹਾਂ ਸੰਗਤ ਦੇ ਹੁਕਮ ਕਾਰਣ, ਮੈਂ ਇਹ ਪਾਣੀ ਸਵੀਕਾਰ ਨਹੀਂ ਕਰ ਸਕਦਾ। ਸਵੇਰੇ ਜਦੋਂ ਸਰਕਾਰੀ ਕਰਮਚਾਰੀ ਚੰਦੂ ਦੇ ਕੋਲ ਗੁਰੂਜੀ ਦਾ ਹਾਲ ਜਾਨਣ ਆਏ ਤਾਂ ਚੰਦੂ ਨੇ ਇਹ ਕਹਿ ਕੇ ਗੁਰੂਜੀ

ਨੂੰ ਉਹਨਾਂ ਦੇ ਹਵਾਲੇ ਕਰ ਦਿੱਤਾ ਕਿ ਗੁਰੂ ਅਰਜਨ ਨੇ ਉਸਦੀ ਸ਼ਰਤ ਨਹੀਂ ਮੰਨੀ ਇਸ ਲਈ ਮੈਂ ਇਹਨਾਂ ਨੂੰ ਤੁਹਾਡੇ ਹਵਾਲੇ ਕਰਦਾ ਹਾਂ। ਬਸ ਫਿਰ ਕੀ ਸੀ ਸਰਕਾਰੀ ਦੁਸ਼ਟਾ ਨੂੰ ਆਪਣੀ ਚਾਲ ਅਨੁਸਾਰ ਕੰਮ ਕਰਨ ਦਾ ਮੌਕਾ ਮਿਲ ਗਿਆ। ਉਹਨਾਂ ਨੇ ਚੰਦੂ ਨੂੰ ਤੁਰੰਤ ਆਪਣੇ ਵਿਸ਼ਵਾਸ ਵਿਚ ਲਿਆ ਅਤੇ ਗੁਰੂ ਜੀ ਨੂੰ ਆਪਣੀ ਹਿਰਾਸਤ ਵਿਚ ਲੈ ਕੇ ਸ਼ਾਹੀ ਕਿਲੇ ਵਿਚ ਲੈ ਗਏ। ਇਸ ਤਰ੍ਹਾਂ ਸ਼ੇਖ ਅਹਿਮਦ ਸਰਹਿੰਦੀ ਨੇ ਪਰਦੇ ਦੀ ਓਟ ਵਿਚ ਰਹਿ ਕੇ ਸ਼ਾਹੀ ਕਾਜ਼ੀ ਤੋਂ ਗੁਰੂ ਜੀ ਦੇ ਨਾਮ ਫਤਵਾ ਜਾਰੀ ਕਰਵਾ ਦਿੱਤਾ। ਫਤਵੇ ਵਿਚ ਕਿਹਾ ਗਿਆ ਕਿ ਗੁਰੂ ਅਰਜਨ ਜੁਰਮਾਨੇ ਦੀ ਰਕਮ ਜਮ੍ਹਾਂ ਨਹੀਂ ਕਰਵਾ ਸਕਿਆ ਅਤੇ ਇਸ ਲਈ ਉਹ ਇਸਲਾਮ ਕਬੂਲ ਕਰ ਲਵੇ ਜਾਂ ਮੌਤ ਲਈ ਤਿਆਰ ਹੋ ਜਾਵੇ। ਗੁਰੂ ਜੀ ਨੇ ਉੱਤਰ ਦਿੱਤਾ ਕਿ ਇਹ ਸ਼ਰੀਰ ਤਾਂ ਨਾਸ਼ਵਾਨ ਹੈ। ਇਸ ਦਾ ਕੈਸਾ ਮੋਹ? ਮੌਤ ਦਾ ਡਰ ਕਿਉ? ਪ੍ਰਕ੍ਰਿਤੀ ਦਾ ਨਿਯਮ ਹੈ ਕਿ ਜੋ ਪੈਦਾ ਹੋਇਆ ਹੈ ਉਸਨੇ ਮਰਨਾ ਹੈ। ਮਰਨਾ ਜੀਣਾਂ ਪਰਮੇਸ਼ਵਰ ਦੇ ਹੱਥ ਹੈ। ਇਸ ਲਈ ਇਸਲਾਮ ਧਾਰਣ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਤੁਸੀਂ ਜੋ ਕਰਨਾ ਹੈ ਕਰ ਲਉ। ਇਸ ਤੇ ਕਾਜ਼ੀ ਨੇ ਇਸਲਾਮੀ ਨਿਯਮਾਂ ਅਨੁਸਾਰ "ਯਾਸਾ" ਦੇ ਕਨੂਨ ਰਾਹੀਂ ਮੌਤ ਦੀ ਸਜ਼ਾ ਦਾ ਫਤਵਾ ਦੇ ਦਿੱਤਾ ਅਤੇ ਕਿਹਾ-ਜਿਵੇਂ ਦੂਸਰੇ ਬਾਘੀਆਂ ਨੂੰ ਚਮੜੇ ਦੇ ਖੋਲ ਵਿਚ ਬੰਦ ਕਰਕੇ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ ਠੀਕ ਉਸੇ ਤਰ੍ਹਾਂ ਇਸ ਬਾਗੀਆ ਨੂੰ ਵੀ ਗਾਂ ਦੇ ਚਮੜੇ ਵਿਚ ਮੜ ਕੇ ਖਤਮ ਦਰ ਦਿਓ। ਇਸ ਤੋਂ ਪਹਿਲਾਂ ਕਿ ਗਾਂ ਦਾ ਤਾਜਾ ਉਤਰਿਆ ਹੋਇਆ ਚਮੜਾ ਪ੍ਰਾਪਤ ਹੁੰਦਾ ਸ਼ੇਖ ਅਹਿਮਦ ਸਰਹਿੰਦੀ ਨੇ ਆਪਣੀ ਰਚੀ ਹੋਈ ਚਾਲ ਅਨੁਸਾਰ, ਗੁਰੂ ਜੀ ਨੂੰ ਕਸ਼ਟ ਦੇ ਕੇ ਇਸਲਾਮ ਸਵੀਕਾਰ ਕਰਵਾਉਣ ਦੀ ਯੋਜਨਾ ਬਣਾਈ। ਗੁਰੂ ਜੀ ਨੂੰ ਕਿਲੇ ਦੇ ਵਿਹੜੇ ਵਿਚ ਕੜਕਦੀ ਧੁੱਪ ਵਿਚ ਖੜ੍ਹਾ ਕਰਵਾ ਦਿੱਤਾ ਗਿਆ। ਗੁਰੂ ਜੀ ਰਾਤ ਤੋਂ ਹੀ ਭੁੱਖੇ ਪਿਆਸੇ ਸਨ ਕਿਉਂਕਿ ਚੰਦੂ ਦੇ ਘਰ ਉਹਨਾਂ ਨੇ ਅੰਨ ਜਲ ਗ੍ਰਹਿਣ ਨਹੀਂ ਸੀ ਕੀਤਾ। ਇਸ ਕਾਰਣ ਸ਼ਰੀਰ ਵਿਚ ਬਹੁਤ ਕਮਜੋਰੀ ਆ ਗਈ ਸੀ। ਪ੍ਰੰਤੂ ਉਹ ਆਤਮ-ਬਲ ਦੇ ਕਾਰਣ ਅਡੋਲ ਖੜੇ ਰਹੇ। ਜਲਾਦ ਵੀ ਗੁਰੂ ਜੀ ਤੇ ਦਬਾਅ ਪਾ ਰਿਹ ਸੀ, "ਇਸਲਾਮ ਸਵੀਕਾਰ ਕਰ ਲਓ; ਕਿਉਂ

ਆਪਣਾ ਜੀਵਣ ਵਿਅਰਥ ਗਵਾ ਰਹੇ ਹੋ।" ਪ੍ਰੰਤੂਗੁਰੂਜੀ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ। ਦੁਸ਼ਟਾਂ ਨੇ ਗੁਰੂਜੀ ਨੂੰਡਰਾਉਣਾ ਧਮਕਾਉਣਾ ਸ਼ੁਰੂਕਰ ਦਿੱਤਾ ਅਤੇ ਕ੍ਰੋਧ ਵਿਚ ਆਕੇ ਉਹਨਾਂ ਨੂੰਇਕ ਲੋਹ (ਰੋਟੀ ਬਨਾਉਣ ਵਾਲਾ ਵੱਡਾ ਤਵਾ) ਤੇ ਬਿਠਾ ਦਿੱਤਾ ਜੋ ਉਸ ਸਮੇਂ ਜੇਠ ਮਹੀਨੇ ਦੀ ਗਰਮੀ ਕਰਕੇ ਅੱਗ ਵਾਂਗ ਤੱਪ ਰਹੀ ਸੀ। ਲੋਹ ਤੇ ਬੈਠ ਕੇ ਵੀ ਗੁਰੂਜੀ ਅਡੋਲ ਰਹੇ। ਜਿਵੇਂ ਕੋਈ ਆਦਮੀ ਤਵੇ ਤੇ ਨਹੀਂ ਬਲਕਿ ਕਿਸੇ ਗਲੀਚੇ ਤੇ ਬਿਰਾਜਮਾਨ ਹੋਵੇ।

ਗੁਰੂਜੀ ਤੇ ਹੋ ਰਹੇ ਅਤਿਆਚਾਰਾਂ ਦੀ ਸੂਚਨਾ ਜਦੋਂ ਲਾਹੌਰ ਦੀ ਜਨਤਾ ਤੱਕ ਪਹੁੰਚੀ ਤਾਂ ਸਾਂਈ ਮੀਆਂ ਮੀਰ ਜੀ ਅਤੇ ਬਹੁਤ ਸਾਰੀ ਸੰਗਤ ਕਿਲੇ ਦੇ ਕੋਲ ਆ ਪਹੁਚੇ ਅਤੇ ਉਹਨਾਂ ਨੇ ਦੇਖਿਆ ਕਿ ਕਿਲੇ ਦੇ ਚਾਰੇ ਪਾਸੇ ਸਖਤ ਪਹਿਰਾ ਹੋਣ ਕਾਰਣ ਅੰਦਰ ਜਾਣਾ ਅਸੰਭਵ ਸੀ। ਸਿਰਫ ਸਾਂਈ ਮੀਆਂ ਮੀਰ ਜੀ ਨੂੰਅੰਦਰ ਜਾਣ ਦੀ ਆਗਿਆ ਮਿਲੀ। ਕਸ਼ਟ ਸਹਾਰਦੇ ਹੋਏ ਗੁਰੂਜੀ ਨੂੰਦੇਖ ਕੇ ਸਾਂਈ ਮੀਆਂ ਮੀਰ ਜੀ ਨੇ ਬਹੁਤ ਹੈਰਾਨੀ ਜਤਾਈ। ਉਸ ਸਮੇਂ ਗੁਰੂਜੀ ਨੇ ਕਿਹਾ, "ਤੁਸੀਂ ਇਕ ਦਿਨ 'ਸੁਖਮਣੀ ਸਾਹਿਬ' ਦੇ ਪਾਠ ਦੇ ਅਨੁਸਾਰ 'ਬ੍ਰਹਮ ਗਿਆਨੀ' ਦੇ ਅਰਥ ਪੁਛੇ ਸਨ, ਮੈਂ ਅੱਜ ਉਹਨਾਂ, ਪੰਕਤੀਆਂ ਦੇ ਅਰਥਾਂ ਅਨੁਸਾਰ ਜੀਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਭ ਕੁਝ ਉਸ ਪ੍ਰਮਾਤਮਾ ਦੀ ਇੱਛਾ ਅਨੁਸਾਰ ਹੋ ਰਿਹਾ ਹੈ। ਕਿਸੇ ਤੇ ਵੀ ਕੋਈ ਗਿਲਾ ਸ਼ਿਕਵਾ ਨਹੀਂ। ਫਕੀਰਾਂ ਦੀ ਰਮਜ਼ (ਦਿਲ ਦੀ ਗੱਲ) ਫਕੀਰਾਂ ਨੇ ਹੀ ਜਾਣੀ ਸੀ।" ਇਸ ਤਰ੍ਹਾਂ ਸਾਂਈ ਮੀਆਂ ਮੀਰ ਜੀ ਬ੍ਰਹਮ ਗਿਆਨ ਦਾ ਉਪਦੇਸ਼ ਲੈ ਕੇ ਵਾਪਿਸ ਆ ਗਏ।

ਗੁਰੂਜੀ ਤੇ ਜਦੋਂ ਇਸ ਸਭ ਦਾ ਕੋਈ ਅਸਰ ਨਹੀਂ ਹੋਇਆ ਤਾਂ ਜਲਾਦਾਂ ਨੇ ਇਕ ਵਾਰ ਫਿਰ ਗੁਰੂਜੀ ਨੂੰਚੇਤਾਵਨੀ ਦਿੱਤੀ ਕਿ ਅਜੇ ਵੀ ਸਮਾਂ ਹੈ ਇਕ ਵਾਰ ਫਿਰ ਸੋਚ ਲਓ ਅਜੇ ਵੀ ਜਾਨ ਬਖਸ਼ੀ ਜਾ ਸਕਦੀ ਹੈ। ਇਸਲਾਮ ਸਵੀਕਾਰ ਕਰ ਲਵੋ ਅਤੇ ਆਪਣੀ ਜਾਨ ਬਚਾ ਲਓ। ਗੁਰੂਜੀ ਨੇ ਚੇਤਾਵਨੀ ਨੂੰਫਿਰ ਅਸਵੀਕਾਰ ਕਰ ਦਿੱਤਾ ਅਤੇ ਇਸ ਤੇ ਜਲਾਦਾਂ ਨੇ ਗੁਰੂਜੀ ਦੇ ਸਿਰ ਤੇ ਗਰਮ-ਗਰਮ ਰੇਤ ਪਾਉਣੀ ਸ਼ੁਰੂਕਰ ਦਿੱਤੀ। ਸਿਰ ਤੇ ਗਰਮ ਰੇਤ ਪੈਣ ਕਰਕੇ ਗੁਰੂਜੀ

ਦੇ ਨੱਕ ਵਿਚੋਂ ਖ਼ੂਨ ਵਹਿਣ ਲੱਗਾ ਅਤੇ ਉਹ ਬੇਹੋਸ਼ ਹੋ ਗਏ। ਜਲਾਦਾਂ ਨੇ ਦੇਖਿਆ ਕਿ ਉਹਨਾਂ ਦਾ ਕੰਮ 'ਯਾਸਾ' ਕਾਨੂੰਨ ਦੇ ਵਿਰੁਧ ਹੈ ਤਾਂ ਉਹਨਾਂ ਨੇ ਗੁਰੂਜੀ ਦੇ ਸਿਰ ਤੇ ਪਾਣੀ ਪਾ ਦਿੱਤਾ ਕਿਉਂ ਕਿ 'ਯਾਸਾ' ਕਾਨੂੰਨ ਅਨੁਸਾਰ ਦੰਡ ਦਿੰਦੇ ਸਮੇਂ ਅਪਰਾਧੀ ਦਾ ਖ਼ੂਨ ਨਹੀਂ ਵਹਿਣਾ ਚਾਹੀਦਾ। ਸਿਰ ਤੇ ਪਾਣੀ ਪਾਉਣ ਨਾਲ ਜਦੋਂ ਕੋਈ ਨਤੀਜਾ ਨਾਂ ਨਿਕਲਿਆ ਤਾਂ ਉਹਨਾਂ ਨੇ ਪ੍ਰੇਸ਼ਾਨ ਹੋ ਕੇ ਗੁਰੂਜੀ ਨੂੰ ਉਬਲਦੀ ਦੇਗ ਵਿਚ ਬਿਠਾ ਦਿੱਤਾ।

"ਜਿਉਂ ਜਲ ਮੇਂ ਜਲ ਆਏ ਖਟਾਨਾ ਤਿਉਂ ਜੋਤੀ ਸੰਗ ਜੋਤ ਸਮਾਣਾ" ਦੇ ਮਹਾਂਵਾਕ ਅਨੁਸਾਰ ਗੁਰੂਜੀ ਨੇ ਜਦੋਂ ਸ਼ਰੀਰ ਤਿਆਗ ਦਿੱਤਾ ਤਾਂ ਅਤਿਆਚਾਰੀਆਂ ਨੇ ਇਸ ਹਤਿਆਂ-ਕਾਂਡ ਨੂੰ ਛਿਪਾਉਣ ਲਈ ਗੁਰੂਜੀ ਦੇ ਸਰੀਰ ਨੂੰ ਰਾਤ ਦੇ ਹਨੇਰੇ ਵਿਚ ਰਾਵੀ ਨਦੀ ਵਿਚ ਜਲ ਪ੍ਰਵਾਹ ਕਰ ਦਿੱਤਾ। ਇਸ ਦੁਰਘਟਨਾ ਨੂੰ ਛੁਪਾਉਣ ਲਈ ਕੋਤਵਾਲ ਨੇ ਦੀਵਾਨ ਚੰਦੂ ਨੂੰ ਤੁਰੰਤ ਬੁਲਾਵਾ ਭੇਜਿਆ ਅਤੇ ਉਸਨੂੰ ਆਪਣੇ ਵਲ ਕਰ ਲਿਆ। ਦੀਵਾਨ ਚੰਦੂ ਨੂੰ ਕਿਹਾ ਗਿਆ ਕਿ ਕਿਉਂ ਗੁਰੂਅਰਜਨ ਨੂੰ ਉਸ ਦੇ ਘਰ ਤੋਂ ਹਿਰਾਸਤ ਵਿਚ ਲਿਆ ਸੀ ਇਸ ਲਈ ਉਹ ਅਫਵਾਹ ਫੈਲਾਕੇ ਲੋਕਾਂ ਨੂੰ ਗੁਮਰਾਹ ਕਰ ਕੇ ਗੁਰੂਜੀ ਨੇ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ ਇਸ ਲਈ ਉਹ ਨਦੀ ਦੇ ਵਿਚ ਵਹਿ ਗਏ ਹਨ ਜਾਂ ਡੁਬ ਗਏ ਹਨ। ਉਹਨਾਂ ਦਾ ਵਾਪਿਸ ਨਾਂ ਆਉਣ ਦਾ ਕਾਰਣ ਵੀ ਸ਼ਾਇਦ ਇਹੀ ਹੋ ਸਕਦਾ ਹੈ।

ਗੁਰੂਜੀ ਨੂੰ ਇਸਲਾਮ ਸਵੀਕਾਰ ਕਰਵਾਉਣ ਦੀ ਯੋਜਨਾ ਵਿਚ ਸ਼ੇਖ ਅਹਿਮਦ ਸਰਹਿੰਦੀ ਭਾਵੇ ਅਸਫਲ ਰਿਹਾ ਪਰ ਗੁਰੂਜੀ ਦੀ ਸ਼ਹੀਦੀ ਤੇ ਉਹ ਸੰਤੁਸ਼ਟ ਸੀ। ਪ੍ਰੰਤੂ ਇਸ ਸ਼ਹੀਦੀ ਕਾਂਡ ਦਾ ਮੁੱਖ ਜਿੰਮੇ ਵਾਰ ਹੋਣ ਤੋਂ ਬਚਣ ਲਈ ਉਹ ਕਈ ਕੋਸ਼ਿਸ਼ਾਂ ਕਰਨ ਲਗਾ। ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਉਸ ਨੇ ਕਈ ਉਪਾਅ ਵੀ ਕੀਤੇ। ਕਿਉਂਕਿ ਉਹ ਸਾਂਈ ਮੀਆਂ ਜੀ ਦੇ ਉਥੇ ਆ ਜਾਣ ਤੇ ਘਬਰਾ ਗਿਆ ਅਤੇ ਉਹ ਦੇਖ ਰਿਹਾ ਸੀ ਕਿ ਲਾਹੌਰ ਦੇ ਗਵਰਨਰ ਮੁਰਤਜ਼ਾ ਖਾਨ ਅਤੇ ਉਥੋਂ ਦੀ ਜਨਤਾ ਗੁਰੂਜੀ ਤੇ ਅਥਾਹ ਸ਼ਰਧਾ ਭਗਤੀ ਰਖਦੀ ਹੈ। ਅਸਲ

ਵਿਚ ਉਹ ਜਾਣਦਾ ਸੀ ਕਿ ਉਸ ਦੇ ਦਬਾਅ ਦੇ ਕਾਰਣ ਹੀ ਜਹਾਂਗੀਰ ਨੇ ਗੁਰੂਜੀ ਤੇ ਦੰਡ ਲਗਾਇਆ ਸੀ। ਦੰਡ ਨਾ ਭਰਨ ਦੀ ਹਾਲਤ ਵਿਚ ਤਾਂ ਉਹ ਸ਼ਾਂਤ ਸੀ। ਪ੍ਰੰਤੂਜਹਾਂਗੀਰ ਦੀ ਚੁੱਪੀ ਨੂੰਮੌਤ ਦੀ ਸਜ਼ਾ ਦੀ ਪ੍ਰੀਭਾਸ਼ਾ ਦੇਣ ਦਾ ਅਸਲ ਜ਼ਿੰਮੇਵਾਰ ਤਾਂ ਉਹ ਆਪ ਹੀ ਸੀ। ਉਸ ਨੇ ਆਪਣੇ ਆਪ ਨੂੰਨਿਰਦੋਸ਼ ਸਾਬਤ ਕਰਨ ਦੇ ਲਈ ਗੁਰੂਜੀ ਦੇ ਸ਼ਹੀਦੀ ਕਾਂਡ ਨੂੰਚੰਦੂਦੀ ਘਰੇਲੂਦੁਸ਼ਮਣੀ ਨਾਲ ਜੋੜ ਦਿੱਤਾ। ਜਦੋਂ ਕਿ ਆਪਣੀ ਜ਼ਿੰਮੇਵਾਰੀ ਤੋਂ ਬਚਣ ਦੇ ਲਈ ਉਸ ਨੇ "ਤੁਜ਼ਾਕਿ ਜਹਾਂਗੀਰੀ" ਨਾਮਕ ਪੁਸਤਕ (ਜੋ ਕਿ ਜਹਾਂਗੀਰ ਦੇ ਸਵੈ-ਜੀਵਨੀ ਦੇ ਰੂਪ ਵਿਚ ਪ੍ਰਸਿੱਧ ਹੈ ਪ੍ਰੰਤੂਅਸਲ ਵਿਚ ਉਹ ਇਕ ਰੋਜ਼ ਨਾਮਚਾ ਹੀ ਹੈ) ਵਿਚ ਹੇਠ ਲਿਖੀ ਇਬਾਰਤ ਲਿਖਵਾ ਦਿੱਤੀ।" ਗੋਇੰਦਵਾਲ..... ਕਸਟ ਦੇ ਕੇ ਹੱਤਿਆ ਕਰ ਦਿੱਤੀ ਜਾਵੇ।" ਉਨ੍ਹਾਂ ਦਿਨਾਂ ਵਿਚ ਬਾਦਸ਼ਾਹ ਜਹਾਂਗੀਰ ਦਾ ਪੀਰ ਮੁਰਸ਼ਦ ਸ਼ੇਖ ਅਹਿਮਦ ਸਰਹਿੰਦੀ ਸੀ ਅਤੇ ਉਹ ਆਪਣੇ ਆਪ ਨੂੰਬੇਤਾਜ ਬਾਦਸ਼ਾਹ ਸਮਝਦਾ ਸੀ। ਇਸ ਲਈ ਤੁਜ਼ਾਕਿ ਜਹਾਂਗੀਰੀ ਵਿਚ ਉਹ ਆਪਣੀ ਮਨ ਮਰਜੀ ਦੀਆਂ ਗੱਲਾਂ ਲਿਖਾਉਣ ਦਾ ਅਧਿਕਾਰ ਸਮਝਦਾ ਸੀ। ਇਬਾਰਤ ਲਿਖਵਾਂਦੇ ਸਮੇਂ ਉਸ ਨੇ ਇਹ ਸਾਵਧਾਨੀ ਵਰਤੀ ਕਿ ਉਹ ਆਪਣੇ ਆਪ ਨੂੰਨਿਰਦੋਸ਼ ਸਾਬਤ ਕਰ ਸਕੇ ਅਤੇ ਪੂਰਾ ਚਿੱਕੜ ਜਹਾਂਗੀਰ ਤੇ ਸੁੱਟ ਸਕੇ। ਜਹਾਂਗੀਰ ਤਾਂ ਅਸਲ ਵਿਚ ਇਸ ਚਾਲ ਤੋਂ ਅਣਜਾਣ ਸੀ। ਉਹ ਨਹੀਂ ਜਾਣਦਾ ਸੀ ਕਿ ਉਸ ਤੋਂ ਅਣਜਾਣੇ ਵਿਚ ਇਕ ਭਿਅੰਕਰ ਭੁੱਲ ਕਰਵਾਕੇ ਉਸ ਨੂੰਬਦਨਾਮ ਕੀਤਾ ਜਾ ਰਿਹਾ ਸੀ।

**ਨੋਟ –** ਮੁਗਲਕਾਲ ਦਾ ਇਤਿਹਾਸ ਬਾਬਰ ਦੇ ਸਮੇਂ ਤੋਂ ਹੀ ਉਸ ਦੇ ਵਿਅਕਤੀਗਤ ਸਲਾਹਕਾਰ ਉਸ ਦੇ ਜੀਵਨ ਨੂੰਵਿਖਿਆਨ ਦੇ ਰੂਪ ਵਿਚ ਲਿਖਦੇ ਚਲੇ ਆ ਰਹੇ ਸਨ। ਇਹ ਲੋਕ ਬਾਦਸ਼ਾਹੀ ਦੇ ਨਿਕਟਵਰਤੀ ਅਤੇ ਭਰੋਸੇਮੰਦ ਸਮਝੇ ਜਾਂਦੇ ਸਨ। ਅਕਬਰ ਨਾਮੀ ਵੀ ਇਸੇ ਪ੍ਰਕਾਰ ਹੋਂਦ ਵਿਚ ਆਇਆ ਸੀ ਕਿਉਂ ਕਿ ਅਕਬਰ ਅਨਪੜ ਸੀ। ਠੀਕ ਇਸੇ ਪ੍ਰਕਾਰ ਇਹ ਪ੍ਰਥਾ ਅੱਗੇ ਵਧੀ। "ਤੁਜ਼ਾਕਿ ਜਹਾਂਗੀਰ" ਨਾਮਕ ਪੁਸਤਕ ਵੀ ਜਹਾਂਗੀਰ ਦੇ ਵਿਅਕਤੀਗਤ ਸਲਾਹਕਾਰਾਂ ਨੇ ਲਿਖੀ ਹੈ। ਕਿਉਂ ਕਿ ਜਹਾਂਗੀਰ ਦਾ ਬਹੁਤ ਸਮਾਂ ਸ਼ਬਾਬ ਤੇ ਸ਼ਰਾਬ ਦੇ ਚੱਕਰ

ਵਿਚ ਵਿਅਰਥ ਚਲਾ ਜਾਂਦਾ ਸੀ। ਸ਼ੇਖ ਅਹਿਮਦ ਸਰਹਿੰਦੀ ਨੇ ਆਪਣੀ ਪੀਰੀ ਫਕੀਰੀ ਦੇ ਜ਼ੋਰ ਤੇ ਲਾਭ ਉਠਾਉਂਦੇ ਹੋਏ ਜਹਾਂਗੀਰ ਦੇ ਵਿਅਕਤੀਗਤ ਸਲਾਹਕਾਰਾਂ ਨੂੰ ਪ੍ਰਭਾਵਿਤ ਕਰਕੇ ਉਸ ਨੂੰ ਆਪਣੇ ਵਿਸ਼ਵਾਸ ਵਿਚ ਲੈ ਕੇ ਉਸ ਤੋਂ "ਤੁਜਾਕਿ-ਜਹਾਂਗੀਰੀ ਵਿਚ ਆਪਣੀ ਇਛਾਂ ਅਨੁਸਾਰ ਹੇਠ ਲਿਖੀ ਇਬਾਰਤ ਲਿਖਵਾ ਦਿੱਤੀ।

## "ਤੁਜ਼ਾਕਿ ਜਹਾਂਗੀਰੀ ਨਾਮ ਰੋਜਨਾਮਚੇ ਦੀ ਇਬਾਰਤ"

"ਗੋਇੰਦਵਾਲ ਜੋ ਬਿਆਸ ਨਦੀ ਦੇ ਕਿਨਾਰੇ ਤੇ ਸਥਿਤ ਹੈ ਵਿਚ ਪੀਰਾਂ ਬਜੁਰਗਾਂ ਦੀ ਵੇਸ਼ਭੁਸ਼ਾ ਵਿਚ (ਗੁਰੂ) ਅਰਜਨ ਨਾਮਕ ਇਕ ਹਿੰਦੂਰਹਿੰਦਾ ਸੀ। ਸਿਧੇ ਸਾਧੇ ਹਿੰਦੂਹੀ ਨਹੀਂ ਬਲਕਿ ਬਹੁਤ ਸਾਰੇ ਮੂਰਖ ਅਤੇ ਅਣਜਾਨ ਮੁਸਲਮਾਨਾਂ ਨੂੰ ਵੀ ਉਸਨੇ ਆਪਣੀ ਜੀਵਣ ਸ਼ੈਲੀ ਦਾ ਸ਼ਰਧਾਲੂ ਬਣਾ ਕੇ ਆਪਣੇ ਵੱਲੀ ਅਤੇ ਪੀਰ ਹੋਣ ਦਾ ਢੋਲ ਬਹੁਤ ਉੱਚੀ ਅਵਾਜ ਵਿਚ ਵਜਾਇਆ ਹੋਇਆ ਸੀ ਅਤੇ ਉਹ ਵੀ ਉਸਨੂੰ ਪਹੁੰਚ ਕੇ ਉਸ ਤੇ ਪੂਰਾ ਭਰੋਸਾ ਅਤੇ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜੀਆਂ ਤੋਂ ਉਸ ਦੀ ਦੁਕਾਨ ਬਹੁਤ ਗਰਮ ਸੀ। ਬੜੀ ਦੇਰ ਤੋਂ ਮੇਰੇ ਮੰਨ ਵਿਚ ਇਹ ਵਿਚਾਰ ਉਤਪੰਨ ਹੋ ਰਿਹਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਤਾਂ ਜੋ ਉਸ ਨੂੰ ਮੁਸਲਮਾਨੀ ਵਿਚ ਲੈ ਆਂਦਾ ਜਾਵੇ।

ਇਹਨਾਂ ਦਿਨਾਂ ਵਿਚ ਹੀ ਖੁਸਰੋ ਨੇ ਬਿਆਸ ਨਦੀ ਪਾਰ ਕਰਕੇ ਉਸ ਦੇ ਡੇਰੇ ਜਾ ਕੇ ਪੜਾਅ ਕੀਤਾ। ਇਸ ਅਨਪੜ ਅਤੇ ਮੂਰਖ ਖੁਸਰੋ ਦਾ ਇਰਾਦਾ ਉਸ ਨੂੰ ਮਿਲ ਕੇ ਉਸ ਤੋਂ ਸਹਾਇਤਾ ਲੈਣ ਦਾ ਸੀ। ਉਹ ਉਸ ਨੂੰ ਮਿਲਿਆ ਅਤੇ ਨਿਸਚਤ ਗਲਾਂ (ਗੁਰੂਜੀ ਨੂੰ) ਸੁਣਾਈਆਂ ਅਤੇ ਕੇਸਰ ਨਾਲ ਆਪਣੇ ਮੱਥੇ ਤੇ ਟਿੱਕਾ ਲਗਾਇਆ ਜਿਸ ਨੂੰ ਹਿੰਦੂਲੋਕ ਤਿਲਕ ਕਹਿੰਦੇ ਹਨ ਅਤੇ ਸ਼ੁਭ ਸ਼ਗਨ ਮੰਨਦੇ ਹਨ। ਇਹ ਗਲ ਜਦੋਂ ਮੇਰ ਕੰਨਾਂ ਵਿਚ ਪਈ ਤਾਂ ਮੈਂ ਪਹਿਲਾਂ ਤੋਂ ਹੀ ਇਹਨਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਇਹ ਹੁਕਮ ਦਿੱਤਾ ਕਿ ਉਸ (ਗੁਰੂਜੀ) ਨੂੰ ਹਾਜ਼ਿਰ

ਕੀਤਾ ਜਾਵੇ ਮੈਂ ਉਸ ਦਾ ਘਰ ਘਾਟ ਅਤੇ ਬੱਚਾ ਮੁਰਤਜ਼ਾ ਖਾਨ ਦੇ ਹਵਾਲੇ ਕਰ ਦਿੱਤੇ ਅਤੇ ਉਸ ਦਾ ਮਾਲ-ਜਇਦਾਦ ਜ਼ਬਤ ਕਰਨ ਵਾਸਤੇ ਹੁਕਮ ਦੇ ਦਿੱਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਸਜਾ ਦਿੱਤੀ ਜਾਵੇ।

ਦੀਵਾਨ ਚੰਦੂਲਾਲ ਬਾਦਸ਼ਾਹ ਅਕਬਰ ਦੇ ਵਿਤ ਮੰਤਰਾਲੇ ਵਿਚ ਇਕ ਅਧਿਕਾਰੀ ਸੀ ਅਤੇ ਲੋਕ ਉਸਨੂੰ ਦੀਵਾਨ ਜੀ ਕਹਿ ਕੇ ਸੰਬੋਧਿਤ ਕਰਦੇ ਸਨ। ਚੰਦੂਲਾਲ ਨੇ ਦਿੱਲੀ ਅਤੇ ਲਾਹੌਰ ਨਗਰ ਵਿਚ ਆਪਣੇ ਪੱਕੇ ਨਿਵਾਸ ਲਈ ਹਵੇਲੀਆਂ ਬਣਾਈਆਂ ਹੋਈਆਂ ਸਨ। ਪ੍ਰਾਚੀਨ ਪ੍ਰੰਪਰਾ ਦੇ ਅਨੁਸਾਰ ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ, ਗੁਰੂ ਅਰਜਨ ਜੀ ਦੇ ਸਪੁਤੱਰ (ਗੁਰੂ ਹਰਗੋਬਿੰਦ ਜੀ) ਨਾਲ ਪਰੋਹਿਤ ਦੁਆਰ ਨਿਸ਼ਚਤ ਕਰ ਦਿੱਤਾ ਗਿਆ ਸੀ। ਪ੍ਰੰਤੂ ਉਸਨੇ ਝੂਠੇ ਅਭਿਮਾਨ ਵਿਚ ਇਕ ਪ੍ਰੀਤੀ ਭੋਜਨ ਵਿਚ ਆਕੇ ਗੁਰੂਘਰ ਦੀ ਸ਼ਾਨ ਦੇ ਖਿਲਾਫ ਕੁਝ ਸ਼ਬਦ ਹਾਸੇ ਦੇ ਅੰਦਾਜ਼ ਵਿਚ ਕਹੇ- "ਪਰੋਹਿਤ ਜੀ ਆਪਣੇ ਚੁਬਾਰੇ ਦੀ ਇਟ ਮੋਰੀ ਨੂੰ ਲਗਾ ਦਿੱਤੀ ਹੈ।" ਉਥੇ ਬੈਠੀ ਸਾਰੀ ਸਿੱਖ ਸੰਗਤ ਨੇ ਇਸ ਗੱਲ ਤੇ ਇਤਰਾਜ਼ ਕੀਤਾ ਅਤੇ ਗੰਭੀਰਤਾ ਪੂਰਵਕ ਗੁਰੂ ਜੀ ਨੂੰ ਸੰਦੇਸ਼ ਭੇਜਿਆ ਕਿ ਅਭਿਮਾਨੀ ਚੰਦੂ ਨੇ ਗੁਰੂ ਨਾਨਕ ਦੇ ਦਰ (ਘਰ) ਨੂੰ ਛੋਟਾ ਦਸਿਆ ਹੈ ਅਤੇ ਆਪਣੇ ਆਪ ਨੂੰ ਉਹ ਬਹੁਤ ਉੱਚਾ ਸਮਝਦਾ ਹੈ। ਬੱਸ ਫਿਰ ਕੀ ਸੀ। ਸੰਦੇਸ਼ ਪ੍ਰਾਪਤ ਹੁੰਦਿਆ ਹੀ ਗੁਰੂ ਅਰਜਨ ਦੇਵ ਜੀ ਨੇ ਆਏ ਰਿਸ਼ਤੇ ਨੂੰ ਠੁਕਰਾ ਦਿੱਤਾ। ਪ੍ਰੰਤੂ ਇਸ ਗੱਲ ਦੀ ਚੰਦੂ ਨੂੰ ਉਮੀਦ ਨਹੀਂ ਸੀ। ਅਸਲ ਵਿਚ ਉਹ ਰਿਸ਼ਤੇ ਤੋਂ ਸੰਤੁਸ਼ਟ ਸੀ। ਰਿਸ਼ਤਾ ਟੁਟਣ ਤੇ ਉਸਦੇ ਸਵੈ-ਅਭਿਮਾਨ ਨੂੰ ਗਹਿਰੀ ਠੋਕਰ ਲੱਗੀ ਸੀ। ਉਹ ਪਸ਼ਚਾਤਾਪ ਵਿਚ ਸੀ। ਇਸ ਲਈ ਉਸਨੇ ਬਹੁਤ ਯਤਨ ਕੀਤੇ ਕਿ ਰਿਸ਼ਤਾ ਦੁਬਾਰਾ ਸਥਾਪਿਤ ਕੀਤਾ ਜਾ ਸਕੇ ਪ੍ਰੰਤੂ ਗੁਰੂ ਜੀ ਨਹੀ ਮੰਨੇ। ਪੰਜਾਬੀ ਸਮਾਜ ਵਿਚ ਰਿਸ਼ਤੇ ਨਾਤੇ ਟੁਟਦੇ ਵੀ ਰਹਿੰਦੇ ਹਨ। ਇਸ ਲਈ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਲੋਕ ਇਕ ਦੂਸਰੇ ਦੇ ਨਾਲ ਨਰਾਜ਼ ਹੋ ਜਾਂਦੇ ਹਨ ਪਰ ਜਾਨੀ-ਦੁਸ਼ਮਣ ਨਹੀਂ ਬਣਦੇ।

# ਸ੍ਰੀ ਗੁਰੂਅਰਜਨ ਦੇਵ ਜੀ ਦੀ ਸਹੀਦੀ ਤੋ ਬਾਅਦ ਦੀਆਂ ਘਟਨਾਵਾਂ

ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਦੇ ਕੁਝ ਸਾਲਾਂ ਬਾਅਦ ਦੀਵਨ ਚੰਦੂਲਾਲ ਨੇ ਮਹਿਸੂਸ ਕੀਤਾ ਕਿ ਉਸ ਤੋ ਅਣਜਾਣੇ ਵਿੱਚ ਗਲਤੀਆਂ (ਭੁੱਲਾਂ) ਹੋਈਆਂ ਹਨ। ਉਨ੍ਹਾਂ ਦਾ ਲਾਭ ਉਠਾਉਦਿਆਂ ਹੋਇਆਂ ਦੁਸਮਣ ਧਿਰ ਨੇ ਉਸਨੂੰ ਸਮਾਜ ਵਿੱਚ ਬੁਰੀ ਤਰ੍ਹਾਂ ਬਦਨਾਮ ਕੀਤਾ ਹੈ, ਜਦ ਕਿ ਗੁਰੂਜੀ ਦੀ ਹੱਤਿਆ ਵਿੱਚ ਉਸਦਾ ਕੋਈ ਸਹਿਯੋਗ ਨਹੀ। ਬਦਨਾਮੀ ਦੇ ਕਾਰਨ ਉਸਦਾ ਪੂਰਨ ਰੂਪ ਵਿੱਚ ਸਮਾਜਿਕ ਬਾਈਕਾਟ ਕਰ ਦਿੱਤਾ ਗਿਆ, ਇਸ ਲਈ ਹੁਣ ਉਸਦੀ ਬੇਟੀ ਦਾ ਰਿਸਤਾ ਹੋਣਾ ਮੁਸ਼ਕਿਲ ਹੋ ਗਿਆ। ਅਜਿਹੇ ਹਲਾਤਾਂ ਵਿੱਚ ਉਸਨੇ ਆਪਣੀ ਪਤਨੀ ਨਾਲ ਵਿਚਾਰ ਕਰਕੇ ਸ੍ਰੀ ਗੁਰੂਹਰਗੋਬਿੰਦ ਸਾਹਿਬ ਨੂੰ ਦੁਬਾਰਾ ਰਿਸਤਾ ਭੇਜਿਆ ਤੇ ਮੁਆਫੀਨਾਮੇ ਵਿੱਚ ਕਿਹਾ, 'ਮੈ ਆਪਣੀ ਗਲਤੀ ਦਾ ਪਛਤਾਵਾ ਕਰਦਾ ਹਾਂ, ਤੁਹਾਡੇ ਪਿਤਾ ਸ੍ਰੀ ਗੁਰੂਅਰਜਨ ਦੇਵ ਜੀ ਦੀ ਹੱਤਿਆ ਵਿੱਚ ਮੇਰਾ ਕੋਈ ਹੱਥ ਨਹੀ। ਦੁਸਟਾਂ ਨੇ ਝੂਠ ਪ੍ਰਾਪੇਗੰਡੇ ਨਾਲ ਮੈਨੂੰ ਬਦਨਾਮ ਕੀਤਾ ਹੈ, ਜਦ ਕਿ ਮੈ ਨਿਰਦੋਸ਼ ਹਾਂ।

ਜੁਵਾਬ ਵਿੱਚ ਸ੍ਰੀ ਗੁਰੂਹਰਗੋਬਿੰਦ ਸਾਹਿਬ ਜੀ ਅਖਵਾ ਭੇਜਿਆ, "ਮੇਰਾ ਵਿਆਹ ਹੋ ਚੁੱਕਾ ਹੈ ਅਤੇ ਮੈ ਆਪਣੇ ਪਿਤਾ ਜੀ ਦੇ ਆਦੇਸ਼ ਦੀ ਉਲੰਘਣਾ ਨਹੀ ਕਰ ਸਕਦਾ। ਇਸ ਲਈ ਹੁਣ ਸਾਨੂੰ ਇਹ ਰਿਸਤਾ ਮਨਜ਼ੂਰ ਨਹੀ।'

'ਇਹ ਕੋਰਾ ਜੁਵਾਬ ਸੁਣ ਕੇ ਚੰਦੂਲਾਲ ਚਿੰਤਾ ਵਿੱਚ ਘਿਰ ਗਿਆ। ਉਸਨੂੰ ਸ੍ਰੀ ਗੁਰੂਹਰਿਗੋਬਿੰਦ ਸਾਹਿਬ ਜੀ ਦੀ ਵੱਧਦੀ ਹੋਈ ਸ਼ਕਤੀ (ਤਾਕਤ) ਤੋ ਡਰ ਲੱਗਣ ਲੱਗਾ। ਉਹ ਸੋਚਣ ਲੱਗਾ ਕਿ ਸ੍ਰੀ ਗੁਰੂਹਰਿਗੋਬਿੰਦ ਸਾਹਿਬ ਜੀ ਅਫਵਾਹ ਦੇ ਕਰਕੇ ਉਸਨੂੰ ਅਪਰਾਧੀ ਮੰਨਦੇ ਹਨ। ਇਸ ਲਈ ਸੰਭਵ ਹੈ ਕਿ ਉਹ ਉਸਤੋ ਆਪਣੇ ਪਿਤਾ ਜੀ ਦੀ ਹੱਤਿਆ ਦਾ ਬਦਲਾ ਲੈਣ। ਉਸਨੂੰ ਇਕ ਤਰਕੀਬ ਸੁੱਝੀ। ਗਵਾਲੀਅਰ ਨਗਰ ਦੇ ਕਿਲ੍ਹੇ ਦਾ ਕਿਲ੍ਹੇਦਾਰ ਉਸ ਦਾ ਗੂੜਾ ਮਿੱਤਰ ਸੀ, ਚੰਦੂਨੇ ਸੋਚਿਆ ਕਿ ਜੇ ਉਹ ਗੁਰੂਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰਵਾਉਣ ਵਿੱਚ ਸਫਲ ਹੋ ਜਾਂਦਾ ਹੈ, ਤਾਂ ਕਿਲੇਦਾਰ ਦੀ ਮਿੱਤਰਤਾ ਦਾ ਲਾਭ ਉਠਾ ਕੇ ਗੁਰੂਜੀ ਨੂੰ ਉਥੇ ਹੀ ਮੌਤ ਦੇ ਘਾਟ ਉਤਾਰਿਆ ਜਾ ਸਕਦਾ ਹੈ। ਇਸ ਲਈ ਉਸਨੇ ਰਾਜ ਜੋਤਿਸ ਸ਼ਾਸ਼ਤਰੀ ਨੂੰ ਰਿਸ਼ਵਤ ਦੇ ਕੇ ਸਮਰਾਟ ਜਹਾਂਗੀਰ ਦੇ ਮਨ ਵਿੱਚ ਭਰਮ ਪੈਦਾ ਕਰ ਦਿੱਤਾ ਕਿ ਉਸਦੇ ਉਪਰ ਸ਼ਨੀ ਦਾ ਪ੍ਰਕੋਪ ਹੈ। 'ਸਿੱਟੇ ਵਜੋ ਉਸ ਨਾਲ ਬਹੁਤ ਕੁਝ ਵਾਪਰਨ ਵਾਲਾ ਹੈ। ਤਦ ਸਮਰਾਟ ਨੇ ਇਸ ਮੁਸੀਬਤ ਤੋ ਛੁਟਕਾਰਾ ਪਾਉਣ ਲਈ ਉਪਾਅ ਪੁੱਛਿਆ ਤਾਂ ਜੁਵਾਬ ਵਿੱਚ ਜੋਤਿਸ ਸ਼ਾਸ਼ਤਰੀ ਨੇ ਕਹਿ ਦਿੱਤਾ ਕਿ ਜੇ ਕੋਈ ਉੱਚ ਪਰਿਵਾਰ ਦਾ ਪ੍ਰਾਕਰਮੀ ਨੌਜਵਾਨ ਪੁਰਸ਼ ਸਮਰਾਟ ਦੇ ਰਾਜ ਖੇਤਰ ਵਿੱਚ ਕਿਤੇ ਇਕਾਂਤ ਵਾਸ ਵਿੱਚ ਤਪੱਸਿਆ ਕਰੇ, ਤਾਂ ਇਹ ਅਣਹੋਣੀ ਟਾਲੀ ਜਾ ਸਕਦੀ ਹੈ। ਸਮਰਾਟ ਦੇ ਆਦੇਸ਼ ਤੇ ਅਜਿਹੇ ਮਹਾਂ ਪੁਰਸ਼ ਦੀ ਖੋਜ ਸੁਰੂਹੋ ਗਈ, ਇੱਕ ਦਿਨ ਮੌਕਾ ਵੇਖ ਕੇ ਬਾਦਸ਼ਾਹ ਨੂੰ ਸੁਝਾਅ ਦਿੱਤਾ ਕਿ ਅੰਮ੍ਰਿਤਸਰ ਵਾਲੇ ਅਰਜਨ ਦੇਵ ਜੀ ਦੇ ਪੁੱਤਰ ਸ੍ਰੀ ਹਰਿਗੋਬਿੰਦ ਜੀ ਇਨ੍ਹਾਂ ਸਾਰੀਆਂ ਗੱਲਾਂ ਵਿੱਚ ਸੰਪੂਰਨ ਹਨ, ਇਸ ਲਈ ਉਨ੍ਹਾਂ ਨੂੰ ਸੱਦ ਕੇ ਗਵਾਲੀਅਰ ਦੇ ਕਿੱਲ੍ਹੇ ਵਿੱਚ ਇਕਾਂਤਵਾਸ ਵਿੱਚ ਤਪੱਸਿਆ ਕਰਵਾਈ ਜਾਵੇ।

ਬਾਦਸ਼ਾਹ ਨੇ ਸ੍ਰੀ ਗੁਰੂਹਰਿਗੋਬਿੰਦ ਸਾਹਿਬ ਜੀ ਨੂੰ ਬੇਨਤੀ ਪੱਤਰ ਭੇਜ ਕੇ ਦਿੱਲੀ ਆਉਣ ਦਾ ਸੱਦਾ ਭੇਜਿਆ। ਇਤਿਹਾਸ ਗਵਾਹ ਹੈ ਕਿ ਗੁਰੂਜੀ ਦੇ ਦਿੱਲੀ ਪੁੱਜਣ ਤੇ ਬਾਦਸ਼ਾਹ ਨੇ ਉਨ੍ਹਾਂ ਦਾ ਸਾਨਦਾਰ ਸਵਾਗਤ ਕੀਤਾ।

ਗੁਰੂਜੀ ਨੂੰ ਪ੍ਰਾਥਨਾ ਕੀਤੀ ਕਿ ਉਹ ਉਸਦੀ ਮੁਸੀਬਤ ਸਮੇਂ ਇਸ ਤੋ ਛੁਟਕਾਰਾ ਪਾਉਣ ਲਈ ਪ੍ਰਭੂਚਰਨਾਂ ਵਿੱਚ ਬੰਦਗੀ ਕਰਕੇ ਸਹਾਇਤ ਕਰਨ। ਤਦ ਗੁਰੂਜੀ ਨੇ ਕਿਹਾ, ਤੁਹਾਡੇ ਤੇ ਤਾਂ ਮੁਸੀਬਤ ਹੈ ਹੀ ਨਹੀਂ, ਇਹ ਤਾਂ ਸਾਜਿਸ ਕਰਨ ਵਾਲੇ ਤੇ ਹੈ ਪਰ ਬਾਦਸਾਹ ਉਨ੍ਹਾਂ ਦੀ ਗੱਲ ਦੇ ਭੇਦ ਨੂੰ ਸਮਝ ਨਾ ਸਕਿਆ। ਅੰਤ ਗੁਰੂਜੀ ਨੇ ਤਪੱਸਿਆ ਕਰਨ ਲਈ ਪ੍ਰਵਾਨਗੀ ਦੇ ਦਿੱਤੀ। ਗੁਰੂਜੀ ਪ੍ਰਸੰਨਤਾ ਪੂਰਵਕ ਗਵਾਲੀਅਰ ਦੇ ਕਿਲ੍ਹੇ ਵਿੱਚ ਚਲੇ ਗਏ। ਉਥੇ ਪਹਿਲਾਂ ਹੀ 52 ਹਿੰਦੂ ਨਰੇਸ਼, ਜੋ ਕਿ ਭਾਰਤ ਦੇ ਵਿਭਿੰਨ ਹਿੱਸਿਆਂ ਦੀਆਂ ਰਿਆਸਤਾਂ ਦੇ ਮਾਲਕ ਸਨ, ਅਨਿਸਚਿਤ ਕਾਲ ਦਾ ਕਾਰਾਵਾਸ (ਬੰਦੀ) ਭੋਗ ਰਹੇ ਸਨ।

ਗੁਰੂਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਵਿੱਚ ਪ੍ਰਵੇਸ਼ ਨਾਲ ਉਥੋ ਦੇ ਕੈਦੀਆਂ ਦੇ ਜੀਵਨ ਵਿੱਚ ਵੀ ਕ੍ਰਾਂਤੀਕਾਰੀ ਤਬਦੀਲੀ ਆ ਗਈ। ਗੁਰੂਜੀ ਹਰ ਰੋਜ ਕੀਰਤਨ ਅਤੇ ਪ੍ਰਵਚਨ ਕਰਦੇ, ਜਿਸ ਨਾਲ ਉਥੋ ਦੇ ਵਾਤਾਵਰਣ ਵਿੱਚ ਆਨੰਦ ਛਾ ਗਿਆ। ਕੈਦੀਆਂ ਦਾ ਤਾਂ ਕਾਇਆ ਕਲਪ ਹੋ ਗਿਆ। ਗੁਰੂਜੀ ਦੇ ਪਰਾਕਰਮੀ ਜੀਵਨ ਨਾਲ ਸਥਾਨਕ ਕਿਲ੍ਹੇਦਾਰ ਉਨ੍ਹਾਂ ਦਾ ਸੇਵਕ ਬਣ ਗਿਆ। ਉਹ ਗੁਰੂਜੀ ਪ੍ਰਤੀ ਬਹੁਤ ਸਰਧਾ ਰੱਖਣ ਲੱਗਾ। ਇਸ ਸਮੇਂ ਦੌਰਾਨ ਚੰਦੂਨੇ ਇੱਕ ਦੂਤ ਦੁਆਰਾ ਕਿਲ੍ਹੇਦਾਰ ਨੂੰ ਚਿੱਠੀ ਭੇਜੀ, ਜਿਸ ਵਿੱਚ ਉਸਨੂੰ ਪ੍ਰੇਰਿਤ ਕੀਤਾ ਗਿਆ ਸੀ ਕਿ ਉਹ ਗੁਰੂਸਾਹਿਬ ਨੂੰ ਖਾਣੇ ਵਿੱਚ ਜਹਿਰ ਮਿਲਾ ਕੇ ਦੇਂਦਾ ਰਹੇ ਅਤੇ ਹੋਲੀ ਹੋਲੀ ਉਨ੍ਹਾਂ ਦੀ ਜੀਵਨ ਲੀਲ੍ਹਾ ਸਮਾਪਤ ਕਰ ਦਿੱਤੀ ਜਾਵੇ। ਇਸ ਦੇ ਬਦਲੇ ਕਿਲ੍ਹੇਦਾਰ ਨੂੰ ਰਿਸ਼ਵਤ ਦੇ ਰੂਪ ਵਿੱਚ ਪੰਜ ਹਜ਼ਾਰ ਰੁਪਏ ਰਿਸ਼ਵਤ ਦੇ ਰੂਪ ਵਿੱਚ ਦੇਣ ਦਾ ਵਾਅਦਾ ਕੀਤਾ ਗਿਆ ਸੀ।

ਕਿਲ੍ਹੇਦਾਰ ਨੇ ਚਿੱਠੀ ਪੜ੍ਹ ਕੇ ਗੁਰਦੇਵ ਜੀ ਦੇ ਸਨਮੁਖ ਰੱਖ ਦਿੱਤੀ, ਉਹ ਚਿੱਠੀ ਗੁਰੂਜੀ ਨੇ ਧੀਰਜ ਨਾਲ ਆਪਣੇ ਕੋਲ ਸੁਰੱਖਿਅਤ ਰੱਖ ਲਈ। ਕੁਝ ਦਿਨਾਂ ਬਾਅਦ ਫਿਰ ਕਿਲ੍ਹੇਦਾਰ ਕੋਲ ਨਵੀ ਚਿੱਠੀ ਲੈ ਕੇ ਫਿਰ ਉਹੀ ਦੂਤ ਆਇਆ, ਉਸਨੇ ਦੁਬਾਰਾ ਕਿਲ੍ਹੇਦਾਰ ਨੂੰ ਗੁਰੂਜੀ ਦੀ ਹੱਤਿਆ ਲਈ ਪ੍ਰੇਰਿਤ ਕੀਤਾ ਗਿਆ ਸੀ ਅਤੇ ਰਿਸ਼ਵਤ ਦੀ ਰਕਮ ਵਧਾ ਦਿੱਤੀ ਗਈ ਸੀ। ਇਸ ਵਾਰ ਵੀ ਕਿਲ੍ਹੇਦਾਰ ਨੇ ਇਹ ਨਵੀਂ ਚਿੱਠੀ, ਗੁਰੂਦੇਵ ਜੀ ਦੇ ਸਨਮੁਖ ਰੱਖ ਦਿੱਤੀ। ਇਸ ਨੂੰ ਵੀ ਗੁਰੂਜੀ ਸੁਰੱਖਿਅਤ ਰੱਖ ਲਿਆ।

ਸਮਾਂ ਬੀਤਦਾ ਗਿਆ। ਗੁਰੂਜੀ ਦੀ ਤਪੱਸਿਆ ਦਾ ਸਮਾਂ ਵੀ ਪੂਰਾ ਹੋ ਗਿਆ। ਇਸ ਸਮੇਂ ਦੌਰਾਨ ਕੈਦੀ ਨਰੇਸ ਅਤੇ ਕਿਲ੍ਹੇਦਾਰ ਗੁਰੂਜੀ ਦੇ ਪਰਮ ਭਗਤ ਬਣ ਗਏ। ਉਹ ਲੋਕ ਨਹੀਂ ਚਾਹੁੰਦੇ ਸਨ ਕਿ ਗੁਰੂਜੀ ਕਿਲ੍ਹੇ ਤੋ ਵਾਪਸ ਜਾਣ। ਦੂਜੇ ਪਾਸੇ ਦਿੱਲੀ ਵਿੱਚ ਵਿਰੋਧੀਆਂ ਨੇ ਬਾਦਸਾਹ ਨੂੰ ਉਲਝਾਈ ਰੱਖਿਆ ਅਤੇ ਗੁਰੂਜੀ ਦੀ ਯਾਦ ਉਸਦੇ ਦਿਲ ਵਿਚੋ ਕੱਢਣ ਦੀ ਕੋਸ਼ਿਸ਼ ਕਰਨ ਲੱਗੇ।

ਅੰਮ੍ਰਿਤਸਰ ਵਿੱਚ ਮਾਤਾ ਗੰਗਾ ਜੀ ਨੇ ਇਹ ਅਨੁਭਵ ਕੀਤਾ ਕਿ ਤਪੱਸਿਆ ਦੇ ਸਮੇਂ ਤੋਂ ਵਧੇਰੇ ਸਮਾਂ ਬਤੀਤ ਹੋ ਗਿਆ ਹੈ, ਤਾਂ ਉਨ੍ਹਾਂ ਨੇ ਸੁਨੇਹਾ ਭੇਜ ਕੇ ਸਾਈ ਮੀਆਂ ਮੀਰ ਜੀ ਨੂੰ ਬੁਲਾਇਆ। ਉਨਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਦਿੱਲੀ ਜਾ ਕੇ ਗੁਰੂਸਾਹਿਬ ਨੂੰ ਵਾਪਸ ਲਿਆਉਣ ਦਾ ਯਤਨ ਕਰਨ। ਸਾਈ ਜੀ ਦਿੱਲੀ ਪਹੁੰਚੇ ਅਤੇ ਬਾਦਸ਼ਾਹ ਨੂੰ ਮਿਲੇ। ਬਾਦਸ਼ਾਹ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ। ਉਸਨੇ ਸੁਨੇਹਾ ਭੇਜ ਕੇ ਗੁਰੂਜੀ ਨੂੰ ਵਾਪਸ ਦਿੱਲੀ ਬੁਲਾਇਆ ਪਰ ਗੁਰੂਜੀ ਨੇ ਕੈਦੀ ਨਰੇਸਾਂ ਦੀ ਬੇਨਤੀ ਸੁਣ ਕੇ ਉਥੋ ਵਾਪਸ ਆਉਣ ਤੋ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਤਾਂ ਹੀ ਵਾਪਸ ਆਉਣਗੇ, ਜਦੋ ਇਨ੍ਹਾਂ ਸਾਰੇ ਕੈਦੀਆਂ ਨੂੰਉਨ੍ਹਾਂ ਦੇ ਨਾਲ ਹੀ ਰਿਹਾਅ ਕਰ ਦਿੱਤਾ

ਜਾਵੇ। ਬਾਦਸ਼ਾਹ ਦੇ ਲਈ ਇਹ ਸ਼ਰਤ ਬਹੁਤ ਮਹਿੰਗਾ ਸੌਦਾ ਸੀ, ਇਸ ਲਈ ਉਹ ਦੁਬਿਧਾ ਵਿੱਚ ਪੈ ਗਿਆ। ਪ੍ਰਸ਼ਾਸ਼ਨਿਕ ਪ੍ਰਬੰਧ ਲਈ ਉਸਨੇ ਇਨ੍ਹਾਂ ਬਾਗੀ ਨਰੇਸ਼ਾਂ ਨੂੰ ਕਾਰਾਵਾਸ ਵਿੱਚ ਰੱਖਿਆ ਸੀ। ਹੁਣ ਬਿਨਾਂ ਸ਼ਰਤ ਉਨ੍ਹਾਂ ਨੂੰ ਰਿਹਾ ਕਿਵੇਂ ਕੀਤਾ ਜਾ ਸਕਦਾ ਸੀ ਪਰ ਉਹ ਗੁਰੂਜੀ ਦਾ ਰਿਣੀ ਸੀ। ਇਸ ਲਈ ਉਸਨੇ ਇਸ ਸਮੱਸਿਆ ਨੂੰ ਸੁਲਝਾਉਣ ਲਈ ਖੁਦ ਆਗਰਾ ਜਾਣਾ ਠੀਕ ਸਮਝਿਆ। ਉਥੇ ਪਹੁੰਚ ਕੇ ਉਸਨੇ ਇਕ ਤਰਕੀਬ ਤੋ ਕੰਮ ਲਿਆ ਤਰਕੀਬ ਅਨੁਸਾਰ ਉਸਨੇ ਆਪਣੇ ਵਿਸਵਾਸ ਪਾਤਰ ਮੰਤਰੀ ਵਾਜੀਰ ਖਾਨ ਦੇ ਹੱਥ ਗੁਰੂਜੀ ਨੂੰ ਸੁਨੇਹਾ ਭੇਜਿਆ ਕਿ ਜਿਹੜੇ ਨਰੇਸ਼ ਗੁਰੂਜੀ ਦਾ ਦਾਮਨ ਫੜ ਕੇ ਕਿਲ੍ਹੇ ਤੋ ਬਾਹਰ ਨਿਕਲ ਸਕਦੇ ਹਨ, ਉਨ੍ਹਾਂ ਨੂੰ ਕੈਦ ਤੋ ਮੁਕਤ ਕੀਤਾ ਜਾਵੇਗਾ ਤਦ ਗੁਰੂਜੀ ਨੇ ਇੱਕ ਬਹੁ-ਕਲੀਆਂ ਵਾਲਾ ਚੋਲਾ ਸਿਲਵਾਇਆ, ਜਿਸ ਨੂੰ ਪਹਿਨ ਕੇ ਇੱਕ ਇੱਕ ਕਲੀ ਇੱਕ-ਇੱਕ ਨਰੇਸ਼ ਨੂੰ ਫੜਾ ਦਿੱਤੀ। ਸੰਜੋਗ ਨਾਲ ਇਸ ਚੋਲੇ ਵਿੱਚ ਪੰਜਾਹ ਕਲੀਆਂ ਸਨ। ਇਸ ਤਰ੍ਹਾਂ ਦੋ ਨਰੇਸ਼ ਰਹਿ ਗਏ। ਗੁਰੂਜੀ ਨੇ ਉਨ੍ਹਾਂ ਦੀ ਪੁਕਾਰ ਵੀ ਸੁਣੀ ਅਤੇ ਆਪਣੇ ਗਲੇ ਵਿੱਚ ਪਾਏ ਪਰਨੇ ਹਜ਼ੂਰੀਏ) ਦਾ ਇੱਕ ਇੱਕ ਲੜ ਉਨ੍ਹਾਂ ਨੂੰ ਫੜਾ ਦਿੱਤਾ। ਇਸ ਤਰ੍ਹਾਂ ਗੁਰੂਕ੍ਰਿਪਾ ਨਾਲ ਸਾਰੇ ਨਰੇਸ਼ ਗਵਾਲੀਅਰ ਦੇ ਕਿਲ੍ਹੇ ਤੋਂ ਮੁਕਤ ਹੋ ਗਏ।

ਜਦੋ ਗੁਰੂਜੀ ਆਗਰੇ ਪਹੁੰਚੇ ਤਾਂ ਉਨ੍ਹਾਂ ਦਾ ਦੁਬਾਰਾ ਸਾਨਦਾਰ ਸਵਾਗਤ ਕੀਤਾ ਗਿਆ। ਇਸ ਵਾਰੀ ਬਾਦਸ਼ਾਹ ਨੇ ਗੁਰੂਜੀ ਨਾਲ ਦੋਸਤੀ ਦਾ ਹੱਥ ਵਧਾਉਣ ਲਈ ਇਕੱਠੇ ਸਿਕਾਰ ਖੇਡਣ ਦਾ ਪ੍ਰਸਤਾਵ ਰੱਖਿਆ, ਜੋ ਗੁਰੂਜੀ ਨੇ ਸਵਿਕਾਰ ਕਰ ਲਿਆ। ਇੱਕ ਦਿਨ ਬਾਦਸਾਹ ਨੇ ਗੁਰੂਜੀ ਦੇ ਸਾਹਮਣੇ ਅਫਸੋਸ ਪ੍ਰਗਟ ਕੀਤਾ ਅਤੇ ਕਿਹਾ, ‘‘ਮੈਨੂੰ ਦੁੱਖ ਹੈ ਕਿ ਤੁਹਾਨੂੰ ਮੇਰੇ ਲਈ 40 ਦਿਨਾਂ ਤੋ ਕਿਤੇ ਵੱਧ ਸਮੇਂ ਇਕਾਂਤਵਾਸ ਵਿੱਚ ਇਬਾਦਤ ਕਰਨੀ ਪਈ ਅਸਲ ਵਿੱਚ ਮੇਰੇ ਕੁਝ ਦਰਬਾਰੀ ਤੁਹਾਨੂੰਵਾਪਸ ਬੁਲਾਉਣ ਵਿੱਚ ਵਿਘਨ ਪਾ ਦਿੰਦੇ ਸਨ।

ਤਦ ਗੁਰੂਜੀ ਨੇ ਕਿਹਾ, ‘‘ਅਸੀ ਜਾਣਦੇ ਹਾਂ, ਉਹ ਕੌਣ ਹੈ? ਤਦ ਬਾਦਸ਼ਾਹ ਨੇ ਹੈਰਾਨੀ ਪ੍ਰਗਟ ਕੀਤੀ, ਗੁਰੂਜੀ ਨੇ ਉਹ ਦੋਵੇ ਪੱਤਰ (ਚਿੱਠੀਆਂ) ਜੋ ਚੰਦੂਦੀਵਾਨ ਗਵਾਲੀਅਰ ਦੇ ਕਿਲ੍ਹੇਦਾਰ ਨੂੰ ਲਿਖੇ ਸਨ, ਬਾਦਸ਼ਾਹ ਦੇ ਸਾਹਮਣੇ ਰੱਖ ਦਿੱਤੇ, ਪੱਤਰ ਪੜ੍ਹ ਕੇ ਬਾਦਸ਼ਾਹ ਨੇ ਫੈਸਲਾ ਕੀਤਾ ਕਿ ਚੰਦੂਗੁਰੂਜੀ ਦਾ ਅਪਰਾਧੀ ਹੈ। ਇਸ ਲਈ ਚੰਦੂਨੂੰ ਗੁਰੂਜੀ ਦੇ ਹਵਾਲੇ ਕਰ ਦਿੱਤਾ ਜਾਵੇ, ਉਹ ਉਸਨੂੰ ਆਪਣੀ ਇੱਛਾ ਅਨੁਸਾਰ ਦੰਡ ਦੇ ਸਕਦੇ ਹਨ। ਇਸ ਸੁਭ ਅਵਸਰ ਨੂੰ ਸਿੱਖਾਂ ਨੇ ਵਰਦਾਨ ਸਮਝਿਆ ਅਤੇ ਚੰਦੂਲਾਲ ਨੂੰ ਆਪਣੇ ਕਬਜੇ ਵਿੱਚ ਲੈ ਲਿਆ ਫਿਰ ਉਸਨੂੰ ਲਾਹੌਰ ਨਗਰ ਪਹੁੰਚਾ ਦਿੱਤਾ, ਜਿੱਥੇ ਉਸਨੂੰ ਹੱਥਕੜੀਆਂ ਪਾ ਕੇ ਦੁਕਾਨ-ਦੁਕਾਨ ਤੇ ਭੀਖ ਮੰਗਣ ਲਈ ਮਜਬੂਰ ਕੀਤਾ ਗਿਆ। ਇੱਕ ਗੁਰਦਿੱਤਾ ਨਾਮ ਦਾ ਦੁਕਾਨਦਾਰ ਜੋ ਗੁਰੂਦੇਵ ਦਾ ਚੇਲਾ ਸੀ ਉਹ ਭੜਭੂੰਜੇ ਦਾ ਕੰਮ ਕਰਦਾ ਸੀ। ਜਦ ਉਸਨੇ ਚੰਦੂਨੂੰ ਆਪਣੀ ਦੁਕਾਨ ਤੇ ਭਿਖਾਰੀ ਦੇ ਰੂਪ ਵਿੱਚ ਦੇਖਿਆ ਤਾਂ ਉਸ ਤੋ ਰਿਹਾ ਨਾ ਗਿਆ। ਉਸਨੇ ਕਰੋਧ ਵਿੱਚ ਚੰਦੂਲਾਲ ਦੇ ਸਿਰ ਵਿੱਚ ਰੇਤ ਪਾਉਣ ਵਾਲਾ ਕੜਛਾ ਮਾਰ ਦਿੱਤਾ ਅਤੇ ਕਿਹਾ, ‘‘ਤੂੰ ਸ੍ਰੀ ਗੁਰੂਅਰਜਨ ਦੇਵ ਜੀ ਦੇ ਸੀਸ ਵਿੱਚ ਗਰਮ ਰੇਤ ਪੁਆਈ ਸੀ, ਇਸ ਲਈ ਮੈ ਵੀ (ਬਿਲਕੁਲ) ਤੈਨੂੰ ਠੀਕ ਉਸੇ ਤਰ੍ਹਾਂ ਰੇਤ ਵਾਲੇ ਕੜਛੇ ਨਾਲ ਮੌਤ ਦੀ ਸਜਾ ਦੇਦਾ ਹਾਂ।‘‘

ਚੰਦੂਦੇ ਸਿਰ ਵਿੱਚ ਜਬਰਦਸਤ ਸੱਟ ਲੱਗੀ ਅਤੇ ਉਸਦੀ ਮੌਤ ਹੋ ਗਈ।

**ਨੋਟ:-** ਭਾਈ ਗੁਰਦਿੱਤਾ ਜੀ ਨੂੰ ਦੁਸ਼ਮਣ (ਵਿਰੋਧੀ) ਦੁਆਰਾ ਫੈਲਾਈ ਗਈ ਅਫਵਾਹ ਦੇ ਕਾਰਨ ਗਲਤਫਹਿਮੀ ਸੀ ਕਿ ਚੰਦੂਨੇ ਗੁਰੂਦੀ ਹੱਤਿਆ ਕਰਵਾਈ ਹੈ, ਜਦ ਕਿ ਅਸਲ ਵਿੱਚ ਅਜਿਹਾ ਨਹੀ ਸੀ। ਅਸਲੀਅਤ ਤਾਂ ਇਹ ਸੀ ਕਿ ਦੁਸ਼ਮਨ ਧਿਰ ਨੇ ਇਸ ਖੂਨੀ ਹੱਤਿਆ ਕਾਂਡ ਤੋਂ ਨਿਰਦੋਸ਼ ਸਾਬਤ ਕਰਨ ਲਈ ਗੁਰੂਅਰਜਨ ਦੇਵ ਜੀ ਦੀ ਹੱਤਿਆ ਨੂੰ ਚੰਦੂਲਾਲ ਦੀ ਘਰੇਲੂਦਸ਼ਮਨੀ ਨਾਲ ਜੋੜਿਆ ਸੀ, ਤਾਂ ਕਿ ਆਮ ਜਨਤਾ ਦਾ ਧਿਆਨ ਉਨ੍ਹਾਂ ਦੀ ਕਾਲੀ ਕਰਤੂਤ ਤੋਂ ਹੱਟ ਜਾਏ।

ਹੁਣ ਤੁਸੀ ਸੋਚਦੇ ਹੋਵੋਗੇ ਕਿ ਵਿਰੋਧੀ ਕੌਣ ਸੀ, ਉਨ੍ਹਾਂ ਨੂੰ ਗੁਰੂਅਰਜਨ ਦੇਵ ਜੀ ਦੀ ਦਰਦਨਾਕ ਖੂਨੀ ਹੱਤਿਆ ਤੋਂ ਪੱਲਾ ਛੁਡਾਉਣ ਲਈ ਝੂਠ ਅਤੇ ਮੁਕਾਰੀ ਦਾ ਸਹਾਰਾ ਕਿਉਂ ਲੈਣਾ ਪਿਆ। ਜਿਹਾ ਕਿ ਤੁਸੀ ਪੜ ਚੁੱਕੇ ਹੋ ਕਿ ਨਕਸ਼ਬੰਦੀ ਸੰਪਰਦਾਇ ਦਾ ਨੇਤਾ (ਸਰਗਨਾ) ਸੇਖ ਅਹਿਮਦ ਸਰਹਿੰਦੀ ਪੂਰੇ ਭਾਰਤ ਵਿੱਚ ਸਿਰਫ ਇਸਲਾਮ ਦਾ ਪਸਾਰ ਵੇਖਣਾ ਚਾਹੁੰਦਾ ਸੀ, ਉਸ ਦਾ ਮੁਰੀਦ ਸ਼ੇਖ ਫਰੀਦ ਬੁਖਾਰੀ, ਜੋ ਕਿ ਬਾਦਸ਼ਾਹ ਦਾ ਵਿਸਵਾਸਪਾਤਰ ਸਿਪਾਹਸਲਾਰ (ਸੈਨਾਪਤੀ) ਸੀ ਉਸਨੇ ਬਾਦਸ਼ਾਹੀ ਦੀ ਇਸ ਕੰਮ ਲਈ ਸਹਿਮਤੀ ਪ੍ਰਾਪਤ ਕਰ ਲਈ ਸੀ। ਇਸ ਲਈ ਉਸਨੇ ਸ਼ਾਜਿਸ ਰਚੀ, ਜਿਸ ਦੇ ਫਲਸਰੂਪ ਸ੍ਰੀ ਗੁਰੂਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸ ਦੇ ਉਦੇਸ਼ ਵਿੱਚ ਗੁਰੂਜੀ ਦੀ ਜਨ-ਸਾਧਾਰਨ ਭਾਸ਼ਾ ਵਿੱਚ ਸਹਿਜ ਸਰਲ ਅਤੇ ਅਧਿਆਤਮਕ ਗਿਆਨ (ਗੁਰਬਾਣੀ) ਬਹੁਤ ਵੱਡੀ ਰੁਕਾਵਟ ਸੀ। ਕਿਉਂਕਿ ਉਨ੍ਹਾਂ ਦਾ ਆਪਣਾ ਗਿਆਨ ਅਰਬੀ ਭਾਸ਼ਾ ਵਿੱਚ ਸੀ। ਜਿਹੜੀ ਕਿ ਸਥਾਨਕ ਜਨ-ਸਾਧਾਰਨ ਦੀ ਸਮਝ ਵਿੱਚ ਨਹੀਂ ਆਉਦੀ ਸੀ। ਉਨ੍ਹਾਂ ਦੇ ਸਹਿਯੋਗੀਆਂ ਦੀ ਸੂਚੀ ਇਸ ਪ੍ਰਕਾਰ ਹੈ:- ਕਾਜੀ, ਕਿਲ੍ਹੇਦਾਰ, ਜੇਲਰ, ਕੋਤਵਾਲ ਅਤੇ ਜੱਲਾਦ ਆਦਿ।

ਇਨ੍ਹਾਂ ਸਾਰੇ ਲੋਕਾਂ ਨੇ ਨਿਰਦਈ ਹੱਤਿਆ ਤੋ ਬਾਅਦ ਗਲਤੀ ਨੂੰ ਮਹਿਸੂਸ ਕੀਤਾ। ਬਾਹਸ਼ਾਹ ਤਾਂ ਅਸਲ ਵਿੱਚ ਨਿਰਦੋਸ਼ ਸੀ। ਉਸਨੇ ਤਾਂ ਗੁਰੂਜੀ ਦੀ ਹੱਤਿਆ ਦਾ ਹੁਕਮ ਦਿੱਤਾ ਹੀ ਨਹੀਂ ਸੀ। ਉਸਨੇ ਤਾਂ ਕੇਵਲ ਇੱਕ ਲੱਖ ਰੁਪਏ ਦੰਡ ਦੇਣ ਲਈ ਕਿਹਾ ਸੀ। ਹੁਣ ਉਹ ਵਿਚਾਰ ਕਰਨ ਲੱਗੇ ਕਿ ਲਾਹੋਰ ਨਗਰ ਦੀ ਖਲਕਤ, ਸਾਈ ਮੀਆਂ ਮੀਰ ਜੀ ਅਤੇ ਪੰਜਾਬ ਪ੍ਰਾਂਤ ਦਾ ਗਵਰਨਰ (ਰਾਜਪਾਲ) ਸੂਬੇਦਾਰ ਮੁਰਤਜਾ ਖਾਨ ਸਾਰੇ ਤਾਂ ਗੁਰੂਜੀ ਪੱਖ ਵਿੱਚ ਹਨ, ਹੁਣ ਉਹ ਇਨ੍ਹਾਂ ਲੋਕਾਂ ਨੂੰ ਕੀ ਜੁਆਬ ਦੇਣਗੇ।ਇਸ ਲਈ ਉਨ੍ਹਾਂ ਨੇ ਖੁਦ ਨੂੰ ਨਿਰਦੋਸ਼ ਦਰਸਾਉਂਣ ਲਈ ਇੱਕ ਤਰਕੀਬ ਸੋਚੀ ਕਿ ਕਿਉਂ ਨਾ ਇਸ ਹੱਤਿਆ ਨੂੰ ਚੰਦੂਲਾਲ ਦੇ ਘਰੇਲੂਦੁਸ਼ਮਣੀ ਨਾਲ ਜੋੜ ਦੇਣ, ਕਿਉਂਕਿ ਉਨ੍ਹਾਂ ਨੇ ਗੁਰੂਦੇਵ ਨੂੰ ਉਸਦੇ ਕਬਜੇ ਵਿੱਚੋ ਹੀ ਲਿਆ ਸੀ। ਇਸ ਲਈ ਉਨ੍ਹਾਂ ਨੇ ਚੰਦੂਨੂੰ ਬਹਿਕਾਇਆ ਅਤੇ ਉਸਨੂੰਝਾਂਸਾ ਦਿੱਤਾ। ਚਾਪਲੂਸ ਚੰਦੂਉਨ੍ਹਾਂ ਦੀ ਸਾਜਿਸ਼ ਨੰ ਸਮਝ ਨਾ ਸਕਿਆ। ਇਸ ਤਰ੍ਹਾਂ ਦੁਸ਼ਮਣ ਧਿਰ ਨੇ ਆਪਣੇ ਉਦੇਸ਼ ਨੂੰ ਪ੍ਰਾਪਤ ਕਰ ਲਿਆ। ਉਨ੍ਹਾਂ ਨੇ ਚੰਦੂਲਾਲ ਤੋਂ ਨਗਰ ਵਿੱਚ ਅਫਵਾਹ ਫੈਲਾਈ ਕਿ ਗੁਰੂਜੀ ਨੇ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ, ਇਸ ਲਈ ਉਹ ਰਾਵੀ ਨਦੀ ਤੇ ਇਸਨਾਨ ਕਰਨ ਗਏ ਅਤੇ ਫਿਰ ਵਾਪਸ ਨਹੀਂ ਆਏ।

ਲਾਹੌਰ ਨਗਰ ਦੀ ਜਨਤਾ ਗੁਰੂਜੀ ਦੀ ਰਾਜੀ-ਖੁਸ਼ੀ ਦਾ ਸਮਾਚਾਰ ਮਿਲਣ ਦਾ ਬੜੀ ਉਤਸੁਕਤਾ ਨਾਲ ਇੰਤਜ਼ਾਰ ਕਰ ਰਹੀ ਸੀ। ਜਿਉਂ ਹੀ ਸਮਾਚਾਰ ਚੰਦੂਦੇ ਮੂੰਹੋ ਫੈਲਿਆ ਕਿ ਗੁਰੂਜੀ ਹੁਣ ਨਹੀਂ ਰਹੇ। ਲਾਹੌਰ ਨਗਰ ਵਿੱਚ ਚਾਰੇ ਪਾਸੇ ਸ਼ੋਕ ਛਾ ਗਿਆ ਅਤੇ ਆਮ ਜਨਤਾ ਆਪਸ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਦੇ ਸਹਾਰੇ ਕਈ ਤਰ੍ਹਾਂ ਦੇ ਅਨੁਮਾਨ ਲਾਉਂਣ ਲੱਗੀ।

ਇਸ ਤਰ੍ਹਾਂ ਦੁਸ਼ਮਣ ਧਿਰ ਆਪਣੇ ਆਪ ਨੂੰ ਅਦ੍ਰਿਸ਼ ਕਰਨ ਵਿੱਚ ਸਫਲ ਹੋ ਗਈ। ਲਗਭਗ ਸਭ ਲੋਕ ਸ਼ੱਕ ਦੇ ਆਧਾਰ ਤੇ ਚੰਦੂਨੂੰ ਗੁਰੂਜੀ ਦਾ ਹਤਿਆਰਾ ਮੰਨਣ ਲੱਗੇ। ਬਦ ਨਾਲੋ ਬਦਨਾਮ ਬੁਰਾ ਹੁੰਦਾ ਹੈ। ਇਸ ਤਰ੍ਹਾਂ ਚੰਦੂਆਪਣੀ ਮੂਰਖਤਾ ਦੇ ਕਰਕੇ ਬੁਰੀ ਤਰ੍ਹਾਂ ਬਦਨਾਮ ਹੋ ਗਿਆ। ਕਿਉਂ ਕਿ ਸਾਈਂ ਮੀਆਂ ਮੀਰ ਜੀ ਇਸ ਸੰਬੰਧ ਵਿੱਚ ਕੁਝ ਵੀ ਦੱਸਣ ਲਈ ਤਿਆਰ ਨਹੀਂ ਸਨ। ਅਸਲ ਵਿੱਚ ਉਨ੍ਹਾਂ ਦੀ ਚੁੱਪ ਦਾ ਕਾਰਣ ਸੀ ਕਿ ਉਹ ਹਿੰਦੂ-ਮੁਸਲਿਮ ਮਤਭੇਦ ਸਮਾਜ ਵਿੱਚ ਦੁਬਾਰਾ ਉਜਾਗਰ ਨਹੀਂ ਸਨ ਕਰਨਾ ਚਾਹੁੰਦੇ । ਠੀਕ ਇਸੇ ਤਰ੍ਹਾਂ ਗੁਰੂਜੀ ਦੇ ਅਸਲੀ ਹਤਿਆਰੇ ਸ਼ੇਖ ਅਹਿਮਦ ਸਰਹਿੰਦੀ ਅਤੇ ਉਸਦਾ ਮੁਰੀਦ ਸ਼ੇਖ ਫਰੀਦ ਬੁਖਾਰੀ ਜੋ ਕਿ ਬਾਦਸ਼ਾਹ ਦਾ ਸੈਨਾਕ ਅਧਿਕਾਰੀ ਸੀ, ਨੇ ਵੀ ਆਪਣੀ ਰਚੀ ਹੋਈ ਸਾਜਿਸ਼ ਨੂੰ ਛੁਪਾਉਣ ਲਈ ਅਣਜਾਣੇ ਵਿੱਚ ਇੱਕ ਭੁੱਲ ਕਰ ਦਿੱਤੀ, ਉਸਦੀ ਚਤੁਰਾਈ ਹੀ ਉਸਦੀ ਪੋਲ ਖੋਲ੍ਹਣ ਦਾ ਕਾਰਨ ਬਣ ਗਈ। ਉਨ੍ਹਾਂ ਨੇ ਬਾਹਸ਼ਾਹ ਦੇ ਵਿਅਕਤੀਗਤ ਸਲਾਹਕਾਰ ਨੂੰ ਆਪਣੀ ਪੀਰੀ-ਫਕੀਰੀ ਦੇ ਰਸੂਖ ਨਾਲ ਪ੍ਰਭਾਵਿਤ ਕਰਕੇ ''ਤੁਜ਼ਕਿ ਜਹਾਂਗੀਰੀ ਰੋਜਨਾਮਚੇ ਵਿੱਚ ਇੱਕ ਝੂਠੀ ਇਬਾਰਤ ਜਹਾਂਗੀਰ ਬਾਦਸ਼ਾਹ ਵੱਲੋ ਲਿਖਵਾਈ ਅਤੇ ਆਪਣੇ ਆਪ ਨੂੰ ਗੁਰੂਜੀ ਦੀ ਹੱਤਿਆ ਤੋਂ ਮੁਕਤ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਕੁਦਰਤ ਦਾ ਇਹ ਇੱਕ ਅਟੱਲ ਨਿਯਮ ਹੈ ਕਿ ਹਤਿਆਰਾ ਕਿੰਨਾ ਵੀ ਚਲਾਕ-ਚਤੁਰ ਕਿਉਂ ਨਾ ਹੋਵੇ, ਉਹ ਇੱਕ ਅੱਧੀ ਭੁੱਲ ਅਜਿਹੀ ਕਰਦਾ ਹੈ ਕਿ ਜੋ ਆਉਂਣ ਵਾਲੇ ਸਮੇਂ ਵਿੱਚ ਉਸਦੀ ਕਰਤੂਤ ਨੂੰ ਨੰਗਾ ਕਰਨ ਵਿੱਚ ਸਹਾਇਕ ਹੁੰਦੀ ਹੈ। ਇਨ੍ਹਾਂ ਲੋਕਾਂ ਦੁਆਰਾ ਲਿਖਵਾਈ ਗਈ ਝੂਠੀ ਇਬਾਰਤ ਨੂੰ ਜਦੋ ਵਿਵੇਕਪੂਰਨ ਪਰਖਿਆ ਗਿਆ, ਤਾਂ ਉਸਦੀ ਹਰ ਇੱਕ ਲਾਈਨ ਅਤੇ ਵਾਕ ਜਹਾਂਗੀਰ ਦੇ ਸੁਭਾਅ ਅਤੇ ਜੀਵਨ-ਚਰਿੱਤਰ ਨਾਲ ਕੋਈ ਮੇਲ ਨਹੀਂ ਖਾਂਦੀ ਸੀ। ਅਸੀ ਇੱਥੇ ਪੂਰੀ ਇਬਾਰਤ ਦਾ ਵਿਸ਼ਲੇਸ਼ਣ ਬਹੁਤ ਵਿਸਥਾਰਪੂਰਵਕ ਕਰਾਂਗੇ, ਕਿਉਂਕਿ ਕੁਝ ਇਤਿਹਾਸਕ ਤੱਥ ਅਜਿਹੇ ਹਨ, ਜੋ ਇਬਾਰਤ ਨੂੰਝੂਠਾ ਸਾਬਤ ਕਰਨ ਵਿੱਚ ਸਾਡੀ ਸਹਾਇਤਾ ਕਰਨਗੇ।

ਇਹ ਤਾਂ ਸਪਸ਼ਟ ਹੈ ਕਿ ''ਤੁਜ਼ਕਿ-ਜਹਾਂਗੀਰੀ ਨਾਮਕ ਪੁਸਤਕ ਇੱਕ ਰੋਜ਼ਨਾਮਚਾ ਹੈ ਨਾਂ ਕਿ ਜਹਾਂਗੀਰ ਬਾਦਸ਼ਾਹ ਦੀ ਸਵੈ-ਜੀਵਨੀ। ਜੇ ਇਹ ਇਬਾਰਤ ਬਾਦਸ਼ਾਹ ਦੁਆਰਾ ਲਿਖੀ ਗਈ ਹੁੰਦੀ ਤਾਂ ਉਹ ਉਸ ਵਿੱਚ ਦੁਬਾਰਾ ਸੋਧ ਕਰ ਸਕਦਾ ਸੀ। ਜਦੋਂ ਉਸਦੇ ਗੁਰੂਜੀ ਨਾਲ ਚੰਗੇ ਸਬੰਧ ਹੋ ਗਏ ਸਨ। ਬਾਦਸ਼ਾਹ ਉਸ ਵਿੱਚ ਸ੍ਰੀ ਹਰਿਗੋਬਿੰਦ ਜੀ ਦੇ ਗਵਾਲੀਅਰ ਕਿਲ੍ਹੇ ਦੀ ਤਪੱਸਿਆ, 52 ਨਰੇਸ਼ਾਂ ਦੀ ਬਿਨਾਂ ਸ਼ਰਤ ਰਿਹਾਈ, ਸੱਚੇ ਪਾਤਸ਼ਾਹ ਵਾਲੀ ਘਟਨਾ, ਚੰਦੂਲਾਲ ਨੂੰ ਗੁਰੂਜੀ ਦੇ ਹਵਾਲੇ ਕਰਨਾ, ਮਾਤਾ ਗੰਗਾ ਜੀ ਤੋਂ ਮੁਆਫੀ ਮੰਗਣਾ ਅਤੇ ਗੁਰੂਜੀ ਨਾਲ ਆਗਰਾ ਤੋਂ ਅੰਮ੍ਰਿਤਸਰ ਦੀ ਲੰਬੀ ਯਾਤਰਾ ਦਾ ਬਿਰਤਾਂਤ ਆਦਿ ਜ਼ਰੂਰ ਹੀ ਲਿਖ ਸਕਦਾ ਸੀ, ਜਦ ਕਿ ਰੋਜ਼ਨਾਮਚੇ ਵਿੱਚ ਕੁਝ ਵੀ ਨਹੀਂ ਹੈ।

## ਗੁਰੂਦੇਵ ਜੀ ਦੀ ਸ਼ਹੀਦੀ ਦੀ ਨਿਆਂਇਕ ਜਾਂਚ

**ਜੱਜ:-** ''ਤੁਜ਼ਕਿ ਜਹਾਂਗੀਰੀ'' ਨਾਮਕ ਰੋਜ਼ਨਾਮਚੇ ਦੀ ਇਬਾਰਤ ਵਿੱਚ ਕਿਸੇ ਨੂੰ ਕੋਈ ਸ਼ੱਕ ਹੈ ਤਾਂ ਇਸ ਦੀ ਪ੍ਰਮਾਣਿਕਤਾ ਤੇ ਗੋਸਟੀ ਕੀਤੀ ਜਾ ਸਕਦੀ ਹੈ। ਵਿਰੋਧੀ ਧਿਰ ਦਾ ਵਕੀਲ ਇਸ ਬਾਰੇ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ।

ਵਿਰੋਧੀ ਧਿਰ ਦਾ ਵਕੀਲ:- ਸ੍ਰੀਮਾਨ ਜੀ, ਮੈ ਨਿਮਨਲਿਖਤ ਇਬਾਰਤ ''ਗੋਇੰਦਵਾਲ, ਜੋ ਬਿਆਸ ਨਦੀ ਦੇ ਕਿਨਾਰੇ ਤੇ ਸਥਿਤ ਹੈ .......... ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੁੰਦਾ ਸੀ। ਉਸਨੂੰਮੁਸਲਮਾਨੀ ਮੱਤ ਵਿੱਚ ਲੈ ਆਉਣਾ ਚਾਹੁੰਦਾ ਹਾਂ'' ਦਾ ਪੂਰੀ ਤਰ੍ਹਾਂ ਖੰਡਨ ਕਰਦਾ ਹਾਂ ਕਿਉਂਕਿ ਇਹ ਪੰਕਤੀਆਂ ਬਾਦਸ਼ਾਹ ਦੀ ਸਖਸ਼ੀਅਤ ਅਤੇ ਉਸਦੇ ਜੀਵਨ ਚਰਿੱਤਰ ਨਾਲ ਮੇਲ ਨਹੀਂ ਖਾਂਦੀਆਂ। ਇਸ ਲਈ ਇਹ ਕਿਸੇ ਈਰਖਾਲੂਵਿਅਕਤੀ ਦੁਆਰਾ ਲਿਖੀਆਂ ਗਈਆਂ ਹਨ।

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਸ਼ਹਿਜਾਦਾ ਸਲੀਮ (ਜਹਾਂਗੀਰ) ਇੱਕ ਹਿੰਦੂਮਾਤਾ ਜੋਧਾਬਾਈ ਦੀ ਕੁੱਖੋਂ ਪੈਦਾ ਹੋਇਆ ਸੀ। ਜੋਧਾਬਾਈ ਇੱਥ ਰਾਜਪੂਤ ਹਿੰਦੂਸੰਸਕਾਰਾਂ ਵਾਲੀ ਮਹਾਰਾਣੀ ਸੀ। ਇਸ ਦੇ ਇਲਾਵਾ ਅਕਬਰ ਬਾਦਸ਼ਾਹ ਵੀ ਕੋਈ ਕੱਟੜ ਮੁਸਲਿਮ ਵਿਚਾਰਧਾਰਾ ਵਾਲਾ ਵਿਅਕਤੀ ਨਹੀਂ ਸੀ। ਸਲੀਮ ਦਾ ਬਚਪਨ ਰਾਜਸਥਾਨ ਦੇ ਘਰਾਣਿਆਂ ਵਿੱਚ ਬਤੀਤ ਹੋਇਆ ਸੀ। ਇਸ ਤਰ੍ਹਾਂ ਸਲੀਮ ਨੂੰ ਬਚਪਨ ਤੋਂ ਹੀ ਹਿੰਦੂਸੰਸਕਾਰ ਮਿਲੇ ਸਨ। ਜਦੋਂ ਉਹ ਤੇਰਾ ਸਾਲ ਦਾ ਹੋਇਆ ਤਾਂ ਉਸਨੂੰ ਸ਼ਰਾਬ ਪੀਣ ਦੀ ਬੁਰੀ ਆਦਤ ਪੈ ਗਈ ਸੀ। ਅਕਬਰ ਦੇ ਬਹੁਤ ਮਨ੍ਹਾਂ ਕਰਨ ਤੇ ਵੀ ਜਦੋਂ ਉਸਦੀ ਇਹ ਬੁਰੀ ਆਦਤ ਨਾ ਛੁੱਟੀ, ਤਾਂ ਅਕਬਰ ਨੇ ਉਸ ਨੂੰ ਨਾਨਕੇ ਰਾਜਸਥਾਨ ਭੇਜ ਦਿੱਤਾ, ਜਿੱਥੇ ਸ਼ਰਾਬ ਨਾਂ ਦੀ ਕੋਈ ਚੀਜ਼ਨਹੀਂ ਹੁੰਦੀ ਸੀ। ਇਸ ਤਰ੍ਹਾਂ ਉਹ ਪੰਜ ਸਾਲ ਕਿਸ਼ੋਰ ਅਵਸਥਾ ਵਿੱਚ ਹਿੰਦੂਘਰਾਣੇ ਵਿੱਚ ਬਤੀਤ ਕਰਕੇ ਲਗਭਗ 18 ਸਾਲ ਦੀ ਉਮਰ ਵਿੱਚ ਵਾਪਸ ਆਗਰੇ ਆ ਗਿਆ।

ਤੁਸੀਂ ਤਾਂ ਜਾਣਦੇ ਹੀ ਹੋ ਕਿ ਵਿਅਕਤੀ ਨੂੰ ਜੋ ਸੰਸਕਾਰ ਮਿਲਦੇ ਹਨ, ਉਹ ਕਿਸ਼ੋਰ ਅਵਸਥਾ ਵਿੱਚ ਹੀ ਮਿਲਦੇ ਹਨ। ਇਹ ਸੰਸਕਾਰ ਫਿਰ ਪੱਕੇ ਹੋ ਕੇ ਇੱਕ ਵਿਸ਼ੇਸ਼ ਸਖਸ਼ੀਅਤ ਦੇ ਰੂਪ ਵਿੱਚ ਉਭਰਦੇ ਹਨ। ਇਸ ਤੋਂ ਇਲਾਵਾ ਜਹਾਂਗੀਰ ਬਾਦਸ਼ਾਹ ਨੇ ਤਿੰਨ ਹਿੰਦੂਰਾਜਕੁਮਾਰੀਆਂ ਨਾਲ ਵਿਆਹ ਕੀਤਾ ਸੀ। ਮਨੁੱਖ ਆਪਣੀ ਜੀਵਨ-ਸਾਥਣ ਦਾ ਪ੍ਰਭਾਵ ਸਵੀਕਾਰ ਕਰਨ ਤੋਂ ਬਿਨਾਂ ਨਹੀਂ ਰਹਿ ਸਕਦਾ। ਇਸ ਲਈ ਸੁਭਾਵਿਕ ਹੈ ਕਿ ਉਹ ਹਿੰਦੂਵਾਤਾਵਰਣ ਵਿੱਚ ਰਹਿੰਦਿਆਂ ਹੋਇਆਂ ਹਿੰਦੂਵਿਰੋਧੀ ਜ਼ਹਿਰ ਕਿਵੇਂ ਉਗਲ ਸਕਦਾ ਹੈ?

1. ਇਤਿਹਾਸ ਗਵਾਹ ਹੈ ਕਿ ਜਹਾਂਗੀਰ ਬਾਦਸ਼ਾਹ ਨੇ ਆਪਣੇ ਸ਼ਾਸਨਕਾਲ ਵਿੱਚ ਕਿਸੇ ਹਿੰਦੂਨੂੰਉਸ ਦੇ ਹਿੰਦੂਹੋਣ ਕਾਰਨ ਕੋਈ ਸਜ਼ਾ ਨਹੀਂ ਦਿੱਤੀ।

2. ਇਤਿਹਾਸਕਾਰ ਸਮਰਾਟ ਜਹਾਂਗੀਰ ਨੂੰ ਇੱਕ ਨਿਆਂਕਾਰੀ ਰਾਜਾ ਮੰਨਦੇ ਹਨ, ਫਿਰ ਇਹ ਇਬਾਰਤ ਕਿਸ ਤਰ੍ਹਾਂ ਸੱਚੀ ਮੰਨੀ ਜਾ ਸਕਦੀ ਹੈ ਕਿ ਕਿਸੇ ਨਿਰਦੋਸ਼ ਵਿਅਕਤੀ ਨੂੰ'ਯਾਸਾ' ਕਾਨੂੰਨ ਦੇ ਤਹਿਤ ਬਿਨ੍ਹਾਂ ਦੋਸ਼ ਸਿੱਧ ਕੀਤੇ ਮੌਤ ਦੀ ਸਜ਼ਾ ਦਿੱਤੀ ਜਾਵੇ।

3. ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਰੋਜ਼ਨਾਮਚਾ 'ਤੁਜ਼ਕਿ ਜਹਾਂਗੀਰੀ' ਵਿੱਚ ਲਿਖੀ ਇਬਾਰਤ ਦਾ ਲੇਖਕ ਬਾਦਸ਼ਾਹ ਜਹਾਂਗੀਰ ਨਹੀਂ, ਉਹ ਤਾਂ ਕੋਈ ਈਰਖਾਲੂਵਿਕਅਤੀ ਸ਼ੇਖ ਅਹਿਮਦ ਸਰਹਿੰਦੀ ਹੀ ਹੋ ਸਕਦਾ ਹੈ। ਜਿਸਨੂੰ ਸ੍ਰੀ ਗੁਰੂਅਰਜਨ ਦੇਵ ਜੀ ਦੀ ਬਾਣੀ ਨਾਲ ਈਰਖਾ ਸੀ, ਕਿਉਂਕਿ ਉਹ ਇਸਲਾਮ ਦਾ ਪ੍ਰਚਾਰ ਕਰਨ ਵਿੱਚ ਇਸਨੂੰਆਪਣੇ ਮਾਰਗ ਵਿੱਚ ਸਭ ਤੋਂ ਵੱਡੀ ਰੁਕਾਵਟ ਮੰਨਦਾ ਸੀ।

4. 'ਤੁਜਾਕਿ ਜਹਾਂਗੀਰੀ: ਨਾਮਕ ਰੋਜ਼ਨਾਮਚੇ ਦੀ ਇਹ ਨਿਮਨਲਿਖਤ ਇਬਾਰਤ ਦੀ ਭਾਸ਼ਾ ਸੈਲੀ, ਸੇਖ ਅਹਿਮਦ ਸਰਹਿੰਦੀ ਦੇ ਹੋਰ ਕਈ ਪੱਤਰਾਂ ਨਾਲ ਮਿਲਦੀ ਹੈ, ਜਿਹੜੇ ਸਮੇਂ-ਸਮੇਂ ਤੇ ਉਸਨੇ ਆਪਣੇ ਨਜ਼ਦੀਕੀ ਗੂੜ੍ਹੇ ਮਿੱਤਰ ਸ਼ੇਖ ਫਰੀਦ ਬੁਖਾਰੀ ਨੂੰ ਲਿਖੇ ਸਨ। ''ਗੋਇੰਦਵਾਲ ਜੋ ਬਿਆਸ ਨਦੀ ਦੇ ਕਿਨਾਰੇ .......... ਉਸਨੂੰ ਮੁਸਲਮਾਨੀ ਮੱਤ ਵਿੱਚ ਲੈ ਆਉਣਾ ਚਾਹੀਦਾ ਹੈ।

5. ''ਤੁਜਾਕਿ ਜਹਾਂਗੀਰੀ'' ਨਾਮਕ ਕਿਤਾਬ ਇੱਕ ਸਰਕਾਰੀ ਰੋਜ਼ਨਾਮਚਾ ਹੈ, ਨਾ ਕਿ ਜਹਾਂਗੀਰ ਬਾਦਸ਼ਾਹ ਦੀ ਸਵੈ ਜੀਵਨੀ। ਇਸ ਤਤਕਾਲੀਨ ਸਰਕਾਰੀ ਦਸਤਾਵੇਜ਼ ਨੂੰ ਬਾਦਸ਼ਾਹ ਜਹਾਂਗੀਰ ਦੁਆਰਾ ਲਿਖਤ ਉਸਦੀ ਸਵੈ-ਜੀਵਨੀ ਮੰਨਣਾ ਵੱਡੀ ਭੁੱਲ ਹੈ।

6. ਉਪਰੋਕਤ ਰੋਜ਼ਨਾਮਚੇ ਦੀ ਇਬਾਰਤ ਵਿੱਚ ਅਨੇਕਾਂ ਤਰੁੱਟੀਆਂ ਹਨ, ਕਿਉਂਕਿ ਇਹ ਇਤਿਹਾਸਕ ਘਟਨਾਵਾਂ ਦੀ ਤਰਤੀਬ ਨਾਲ ਮੇਲ ਨਹੀਂ ਖਾਂਦੀ, ਉਦਾਹਰਣ ਲਈ ............. ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਦੁਕਾਨ ਗਰਮ ਸੀ। ਬੜੀ ਦੇਰ ਤੋਂ ਮੇਰੇ ਮਨ ਵਿੱਚ ਇਹ ਵਿਚਾਰ ਉਤਪੰਨ ਹੋ ਰਿਹਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਇਸਨੂੰ ਮੁਸਲਮਾਨੀ ਮੱਤ ਵਿੱਚ ਲੈ ਆਉਣਾ ਚਾਹੀਦਾ ਹੈ।

ਜੁਆਬ:- ਰਾਜ ਕੁਮਾਰ ਸਲੀਮ ਜਦੋਂ ਜੁਆਨੀ ਦੀ ਅਵਸਥਾ ਵਿੱਚ ਆਇਆ ਤਦ ਉਸਨੂੰ ਬਾਦਸ਼ਾਹ ਅਕਬਰ ਨੇ ਪੂਰਬੀ ਖੇਤਰ ਬੰਗਾਲ ਬਿਹਾਰ ਦਾ ਰਾਜਪਾਲ ਨਿਯੁਕਤ ਕਰ ਦਿੱਤਾ ਸੀ। ਜਦੋਂ ਉਹ ਪੂਰਨ ਰੂਪ ਵਿੱਚ ਬਾਦਸ਼ਾਹ ਬਣਿਆ ਤਾਂ ਉਸਦਾ ਸਬੰਧ ਪੰਜਾਬ ਅਤੇ ਹੋਰ ਪ੍ਰਾਂਤਾਂ ਨਾਲ ਜੁੜਿਆ, ਇਸ ਤੋਂ ਪਹਿਲਾਂ ਉਹ ਕਦੇ ਪੰਜਾਬ ਆਇਆ ਹੀ ਨਹੀਂ ਸੀ। ਇਸ ਲਈ ਜਦ ਉਹ ਗੁਰੂਅਰਜਨ ਦੇਵ ਜੀ ਨੂੰ ਜਾਣਦਾ ਹੀ ਨਹੀਂ ਸੀ, ਤਾਂ ਇਸ ਈਰਖਾ ਦਾ ਕੀ ਅਰਥ? ਸੁਭਾਵਿਕ ਹੈ ਕਿ ਇਹ ਇਬਾਰਤ ਬਾਦਸ਼ਾਹ ਦੀ ਨਹੀਂ, ਕਿਸੇ ਈਰਖਾਲੂਵਿਅਕਤੀ ਦੀ ਹੈ। ਜਿਸਨੂੰ ਗੁਰੂਅਰਜਨ ਦੇਵ ਜੀ ਨਾਲ ਈਰਖਾ ਹੈ। ਸੁਭਾਵਿਕ ਹੈ, ਇਹ ਈਰਖਾ ਸ਼ੇਖ ਅਹਿਮਦ ਸਰਹਿੰਦੀ ਨੂੰ ਸੀ ਕਿਉਂਕਿ ਉਸਨੂੰ ਗੁਰੂਅਰਜਨ ਦੇਵ ਜੀ ਇਸਲਾਮ ਦੇ ਪ੍ਰਚਾਰ ਵਿੱਚ ਰੁਕਾਵਟ ਮਹਿਸੂਸ ਹੋ ਰਹੇ ਸਨ।

7. ਇਬਾਰਤ ਵਿੱਚ ਲਿਖਿਆ ਹੈ:- ਉਹ ਉਸਨੂੰ (ਗੁਰੂਜੀ) ਨੂੰ ਮਿਲਿਆ ਅਤੇ ਨਿਸਚਿਤ ਗੱਲਾਂ ਸੁਣਾਈਆਂ ਅਰਥਾਤ ਉਸਨੇ (ਗੁਰੂਜੀ) ਇੱਕ ਉਂਗਲੀ ਕੇਸਰ (ਖੁਸਰੋ) ਉਸਨੂੰ ਮੱਥੇ ਤੇ ਟਿੱਕਾ ਲਾਇਆ, ਜਿਸਨੂੰ ਹਿੰਦੂਲੋਕ ਤਿਲਕ ਕਹਿੰਦੇ ਹਨ, ਅਰਥਾਤ ਸੁਭ ਸ਼ਗਨ ਮੰਨਦੇ ਹਨ।

ਜੁਆਬ:- ਇਨ੍ਹਾਂ ਸਤਰਾਂ ਨੂੰ ਲਿਖਣ ਦਾ ਅੰਦਾਜ਼ ਕਿਸੇ ਤੀਜੇ ਵਿਅਕਤੀ ਦਾ ਹੈ ਅਰਥਾਤ ਇਸ ਦੇ ਲੇਖਕ ਦਾ ਕਦੇ ਇਨ੍ਹਾਂ ਸੰਸਕਾਰਾਂ ਨਾਲ ਵਾਹ ਨਹੀਂ ਪਿਆ। ਜਦ ਕਿ ਵਿਆਹਾਂ ਵਿੱਚ ਕੇਸਰ ਦਾ ਪ੍ਰਯੋਗ ਬਹੁਤ ਕੀਤਾ ਜਾਂਦਾ ਹੈ। ਬਾਦਸ਼ਾਹ ਜਹਾਂਗੀਰ ਨੇ ਤਿੰਨ ਹਿੰਦੂਰਾਜਕੁਮਾਰੀਆਂ ਨਾਲ ਹਿੰਦੂਸੰਸਕਾਰਾਂ ਅਨੁਸਾਰ ਵਿਆਹ ਕਰਵਾਏ ਸਨ।
ਪ੍ਰਸ਼ਨ:- ਇਹ ਸਤਰਾਂ ਕਿਸ ਦੀਆਂ ਲਿਖੀਆਂ ਹਨ?

8. ਇਬਾਰਤ ਵਿੱਚ ਲਿਖਿਆ ਹੈ:- ਮੈਂ ਉਸਦੇ ਘਰ-ਘਾਟ ਅਤੇ ਬੱਚੇ, ਮੁਰਤਜਾਖਾਨ ਦੇ ਹਵਾਲੇ ਕਰ ਦਿੱਤੇ ਅਤੇ ਉਸਦਾ ਮਾਲ-ਅਸਬਾਬ ਜ਼ਬਤ ਕਰਨ ਦਾ ਹੁਕਮ ਦਿੱਤਾ।

ਉਤਰ:- ਇਤਿਹਾਸ ਗਵਾਹ ਹੈ ਕਿ ਮੁਰਤਜਾਖਾਨ ਨੇ ਗੁਰੂਘਰ ਦਾ ਕੋਈ ਮਾਲ-ਅਸਬਾਬ ਜ਼ਬਤ ਨਹੀਂ ਕੀਤਾ ਨਾ ਹੀ ਸ੍ਰੀ ਗੁਰੂਹਰਿਗੋਬਿੰਦ ਜੀ ਨੂੰਆਪਣੀ ਹਿਰਾਸਤ ਵਿੱਚ ਲਿਆ। ਵੈਸੇ ਵੀ ਝੂਠ ਸਪਸ਼ਟ ਹੈ। ਲਿਖਿਆ ਹੈ ਮਾਲ-ਅਸ਼ਬਾਬ ਜ਼ਬਤ ਕਰਕੇ ਹੁਕਮ ਦਿੱਤਾ, ਅਰਥਾਤ ਕੰਮ ਪੂਰਾ ਹੋ ਚੁੱਕਾ ਹੈ, ਜਦ ਕਿ ਇਹ ਘਟਨਾ ਵਾਪਰੀ ਹੀ ਨਹੀਂ। ਅਸਲ ਵਿੱਚ ਇਨ੍ਹਾਂ ਸਤਰਾਂ ਦਾ ਲੇਖਕ ਬਾਦਸ਼ਾਹ ਜਹਾਂਗੀਰ ਨਹੀਂ ਬਲਕਿ ਸ਼ੇਖ ਅਹਿਮਦ ਸਰਹਿੰਦੀ ਹੀ ਹੈ।

9. ਇਬਾਰਤ ਵਿੱਚ ਲਿਖਿਆ ਹੈ:- ਪੀਰਾਂ ਬਜ਼ੁਰਗਾਂ ਦੇ ਪਹਿਰਾਵੇ ਵਿੱਚ (ਗੁਰੂ) ਅਰਜਨ ਨਾਮ ਇੱਕ ਹਿੰਦੂਨਿਵਾਸ ਕਰਦਾ ਹੈ। ਸਿੱਧੇ ਸਾਦੇ ਹਿੰਦੂਨਹੀਂ ਬਲਕਿ ਸਾਰੇ ਮੂਰਖ ਅਤੇ ਅਣਜਾਣ ਮੁਸਲਮਾਨਾਂ ਨੂੰ ਵੀ ਉਸਨੇ ਆਪਣੀ ਜੀਵਨ-ਸ਼ੈਲੀ ਦਾ ਸਰਧਾਲੂਬਣਾ ਕੇ ਖੁਦ ਨੂੰ 'ਵਲੀ ਅਰਥਾਤ ਪੀਰ' ਹੋਣ ਦਾ ਢੋਲ ਬਹੁਤ ਉਚੀ ਅਵਾਜ਼ ਵਿੱਚ ਵਜਾਇਆ ਹੋਇਆ ਹੈ ਅਤੇ ਸਾਰੇ ਉਸਨੂੰ ਗੁਰੂਕਹਿੰਦੇ ਹਨ।

ਉਤਰ:- ਸ਼ਹਿਜਾਦਾ ਸਲੀਮ ਕੀ ਇਹ ਨਹੀ ਜਾਣਦਾ ਸੀ ਕਿ ਉਸਦੇ ਪਿਤਾ ਬਾਦਸ਼ਾਹ ਅਕਬਰ ਇਸ ''ਦਰ'' ਦੇ ਗਏ ਸਨ ਅਤੇ ਉਥੋਂ ਅਧਿਆਤਮਕ ਗਿਆਨ ਪ੍ਰਾਪਤ ਕਰਕੇ ਸੰਤੁਸ਼ਟ ਹੋ ਕੇ ਵਾਪਸ ਆਏ ਸਨ। ਜੇ ਉਹ ਜਾਣਦਾ ਸੀ ਤਾਂ ਫਿਰ ਕਿਸ ਤਰ੍ਹਾਂ ਉਹ ਉਪਰੋਕਤ ਸਤਰਾਂ ਲਿਖ ਸਕਦਾ ਸੀ? ਅਸਲ ਵਿੱਚ ਇਹ ਸਤਰਾਂ ਜਹਾਂਗੀਰ ਦੀਆਂ ਨਹੀਂ, ਸ਼ੇਖ ਅਹਿਮਦ ਸਰਹਿੰਦੀ ਦੀਆਂ ਹਨ।

10. ਇਬਾਰਤ ਵਿੱਚ ਲਿਖਿਆ ਹੈ:- ਉਸਨੂੰ ਮੁਸਲਮਾਨ ਮੱਤ ਵਿੱਚ ਲੈ ਆਉਣਾ ਚਾਹੀਦਾ ਹੈ।

ਜੁਆਬ:- ਜਹਾਂਗੀਰ ਬਾਦਸ਼ਾਹ ਕੋਈ ਸ਼ਰਾ ਦਾ ਪਾਬੰਦ ਨਹੀਂ ਸੀ। ਭਾਵ ਕੱਟੜ ਮੁਸਲਮਾਨ ਨਹੀਂ ਸੀ। ਹਿੰਦੂਮਾਤਾ ਤੋਂ ਪੈਦਾ ਹੋਣ ਕਾਰਨ ਅਰਥਾਤ ਹਿੰਦੂਵਾਤਾਵਰਣ ਵਿੱਚ ਪਾਲਣ ਪੋਸ਼ਣ ਹੋਣ ਕਰਕੇ ਉਹ ਹਿੰਦੂਮੁਸਲਿਮ ਸੰਸਕਾਰਾਂ ਦੇ ਮਿਸ਼ਰਣ ਵਾਲਾ (ਮਿਲਗੋਭਾ) ਜੀਵਨ ਜੀ ਰਿਹਾ ਸੀ। ਇਤਿਹਾਸ ਗਵਾਹ ਹੈ ਕਿ ਉਸਨੇ ਆਪਣੇ ਪੂਰੇ ਜੀਵਨ ਵਿੱਚ ਕਿਸੇ ਹਿੰਦੂਨੂੰ ਸ਼ਕਤੀ ਦਾ ਪ੍ਰਯੋਗ ਕਰਕੇ ਇਸਲਾਮ ਸਵੀਕਾਰ ਕਰਨ ਤੇ ਮਜਬੂਰ ਨਹੀਂ ਕੀਤਾ। ......

ਵਿਰੋਧੀ ਵਕੀਲ:- ਸ੍ਰੀਮਾਨ ਜੀ, ਸ੍ਰੀ ਗੁਰੂਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਵਿੱਚ ਹੋਰ ਵੀ ਬਹੁਤ ਸਾਰੇ ਲੋਕਾਂ ਦਾ ਹੱਥ ਹੈ, ਜਿਵੇਂ ਬੀਰਬਲ (ਮਹੇਸ਼ ਦਾਸ), ਭਗਤ ਕਾਹਨਾ ਜੀ, ਪ੍ਰਿਥਵੀ ਚੰਦ (ਗੁਰੂਦੇਵ ਦਾ ਵੱਡਾ ਭਰਾ) ਚੰਦੂਅਤੇ ਸਮਰਾਟ ਜਹਾਂਗੀਰ ਆਦਿ।

ਪੱਖ ਦਾ ਵਕੀਲ:- ਸ੍ਰੀਮਾਨ ਜੀ, ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਹਰ ਵਿਅਕਤੀ ਦੇ ਮਿੱਤਰ ਅਤੇ ਦੁਸ਼ਮਣ ਦਾ ਹੋਣਾ ਸੁਭਾਵਿਕ ਗੱਲ ਹੈ, ਬੇਸ਼ੱਕ ਉਹ ਵਿਕਅਤੀ ਅਵਤਾਰ ਸ਼੍ਰੇਣੀ ਦੇ ਹੀ ਕਿਉਂ ਨਾ ਹੋਣ। ਭਾਵ ਵਿਅਕਤੀ ਦੇ ਜੀਵਨ ਵਿੱਚ ਉਸ ਦੇ ਕੁਝ ਮਿੱਤਰ ਅਤੇ ਦੁਸ਼ਮਣ ਹੁੰਦੇ ਹੀ ਹਨ। ਪਰ ਇੱਥੇ ਅਸੀਂ ਸਿਰਫ ਉਨ੍ਹਾਂ ਦੁਸ਼ਮਣਾਂ ਨੂੰ ਹੀ ਲਵਾਂਗੇ, ਜਿਨ੍ਹਾਂ ਨੇ ਗੁਰੂਜੀ ਦੀ ਸਾਜ਼ਿਸ ਦੁਆਰਾ ਹੱਤਿਆ ਕਰਵਾਈ ਹੈ। ਬਾਕੀ ਦੇ ਦੁਸ਼ਮਣਾਂ ਦਾ ਉਨ੍ਹਾਂ ਦੀ ਸ਼ਹੀਦੀ ਨਾਲ ਕੋਈ ਸਬੰਧ ਨਹੀਂ। ਕਿਉਂਕਿ ਉਹ ਸਾਰੇ ਕਾਲਵਾਸ ਹੋ ਚੁੱਕੇ ਹਨ। ਅਰਥਾਤ ਸ਼ਹੀਦੀ ਦੇ ਸਮੇਂ ਉਨ੍ਹਾਂ ਦੀ ਹੋਂਦ ਹੀ ਨਹੀਂ ਸੀ। ਜਿਵੇਂ ਬੀਰਬਲ, ਭਗਤ ਕਾਹਨਾ ਜੀ, ਪ੍ਰਿਥਵੀ ਚੰਦ ਆਦਿ। ਜੇ ਅਸੀਂ ਇਨ੍ਹਾਂ ਲੋਕਾਂ ਨੂੰ ਸ਼ਹੀਦੀ ਕਾਂਡ ਨਾਲ ਜੋੜਾਂਗੇ, ਤਾਂ ਇੱਕ ਤਾਂ ਸ਼ਹੀਦੀ ਦੇ ਮਹੱਤਵ ਨੂੰ ਘੱਟ ਕਰਾਂਗੇ, ਦੂਜਾ ਅਸਲੀ ਹਤਿਆਰੇ ਨੂੰ ਜੋ

ਕਿ ਛੜਯੰਤਰਕਾਰੀ ਹੈ, ਅਣਜਾਣੇ ਵਿੱਚ ਉਸਨੂੰ ਬਚਾਉਣ ਵਿੱਚ ਉਸਦੀ ਸਹਾਇਤਾ ਕਰ ਰਹੇ ਹੋਵਾਂਗੇ। ਸ੍ਰੀ ਗੁਰੂਅਰਜਨ ਦੇਵ ਜੀ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਬਹੁਤ ਉਚੇ ਆਦਰਸ਼ਾਂ ਦੇ ਲਈ ਦਿੱਤੀ ਸੀ। ਉਹ ਸੀ- ਸ਼ੇਖ ਅਹਿਮਦ ਸਰਹਿੰਦੀ, ''ਨਖਸ਼ਬੰਦੀ'' ਕਰ ਸੰਪਰਦਾਇ ਦੇ ਸੰਚਾਲਕ ਨਾਲ ਲੋਹਾ ਲੈਣਾ, ਜਿਹੜਾ ਕਿ ਪੂਰੇ ਭਾਰਤ ਵਿੱਚ ਪ੍ਰਸ਼ਾਸਨਿਕ ਸ਼ਕਤੀ ਦੁਆਰਾ ਇਸਲਾਮ ਦਾ ਪ੍ਰਚਾਰ ਕਰਨਾ ਚਾਹੁੰਦਾ ਸੀ ਅਤੇ ਉਹ ਇਸ ਕੰਮ ਵਿੱਚ ਸਫਲ ਹੋਏ।

**ਵਿਰੋਧੀ ਵਕੀਲ:-** ਸ੍ਰੀਮਾਨ ਜੀ, ਗੁਰੂਅਰਜਨ ਦੇਵ ਜੀ ਨੂੰ ਪੰਜਾਬ ਦੇ ਰਾਜਪਾਲ ਮੁਰਤਜਾ ਖਾਨ ਨੇ ਸ਼ਹੀਦ ਕਰਵਾਇਆ ਸੀ, ਨਾ ਕਿ ਸ਼ੇਖ ਅਹਿਮਦ ਸਰਹਿੰਦੀ ਨੇ।

**ਪੱਖ ਦਾ ਵਕੀਲ:-** ਸ੍ਰੀਮਾਨ ਜੀ, ਇਹ ਗੱਲ ਬਿਲਕੁਲ ਝੂਠ ਹੈ, ਮੁਰਤਜਾ ਖਾਨ ਗੁਰੂਅਰਜਨ ਦੇਵ ਜੀ ਦਾ ਬਹੁਤ ਆਦਰ ਕਰਦਾ ਸੀ, ਉਹ ਖੁਦ ਨੂੰ ਗੁਰੂਜੀ ਦਾ ਰਿਣੀ ਮੰਨਦਾ ਸੀ, ਜਿਵੇਂ ਕਿ ਇਤਿਹਾਸ ਵਿੱਚ ਉਲੇਖ ਹੈ:-

ਮੁਰਤਜਾ ਖਾਨ ਕਾਫੀ ਲੰਬੇ ਸਮੇਂ ਤੋਂ ਲਾਹੌਰ ਨਗਰ ਦਾ ਪ੍ਰਸ਼ਾਸਨਿਕ ਅਧਿਕਾਰੀ ਅਤੇ ਪੰਜਾਬ ਪ੍ਰਾਂਤ ਦੇ ਰਾਜਪਾਲ ਦੇ ਅਹੁੱਦੇ ਤੇ ਨਿਯੁਕਤ ਸੀ। ਅਕਬਰ ਦੇ ਸ਼ਾਸਨ ਕਾਲ ਦੇ ਸਮੇਂ ਵਿੱਚ ਲਾਹੌਰ ਨਗਰ ਵਿੱਚ ਮੀਂਹ ਨਾ ਪੈਣ ਕਰਕੇ 'ਕਾਲ' ਪੈ ਗਿਆ। ਅਨਾਜ ਦੀ ਕਮੀ ਦੇ ਕਾਰਨ ਜਨਤਾ ਭੁੱਖ ਪਿਆਸ ਨਾਲ ਮਰਨ ਲੱਗੀ। ਉਸ ਮੁਸੀਬਤ ਦੇ ਸਮੇਂ ਦੌਰਾਨ ਗੁਰੂਅਰਜਨ ਦੇਵ ਜੀ ਨੇ ਆਪਣੇ ਖਜਾਨੇ ਵਿਚੋਂ ਥਾਂ ਥਾਂ ਤੇ ਲੰਗਰ ਲਾ ਕੇ ਨਿਸ਼ਕਾਮ ਸੇਵਾ ਕੀਤੀ ਅਤੇ ਪੀੜਿਤ ਲੋਕਾਂ ਨੂੰ ਰੁਜ਼ਗਾਰ ਦੇ ਲਾ ਕੇ ਰਾਹਤ ਦਿੱਤੀ। ਅਜਿਹਾ ਹੀ ਉਨ੍ਹਾਂ ਨੇ ਇਸ ਤੋਂ ਪਹਿਲਾਂ ਹੈਜਾ, ਚੇਚਕ, ਪਲੇਗ, ਗਿਲਟੀ ਤਾਪ ਆਦਿ ਰੋਗ ਫੈਲਣ ਸਮੇਂ ਵਿਸ਼ੇਸ਼ ਕੈਂਪ ਲਾ ਕੇ ਰੋਗੀਆਂ ਦਾ ਇਲਾਜ ਕੀਤਾ ਅਤੇ ਮ੍ਰਿਤਕ ਲੋਕਾਂ ਦਾ ਅੰਤਿਮ ਸਸਕਾਰ ਕਰਨ ਲਈ ਸੇਵਾ ਸਮਿਤੀਆਂ ਦੀ ਸਥਾਪਨਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਬਾਦਸ਼ਾਹ ਅਕਬਰ ਨੂੰ ਪੰਜਾਬ ਦੇ ਦੌਰੇ ਦੌਰਾਨ ਪ੍ਰੇਰਿਤ ਕੀਤਾ ਕਿ ਉਹ ਸੋਕੇ ਤੋਂ ਪੀੜਿਤ ਕਿਸਾਨਾਂ ਦਾ ਲਗਾਨ ਮੁਆਫ ਕਰ ਦੇਵੇ। ਜਿਸਨੂੰ ਉਸਨੇ ਖੁਸ਼ੀ ਨਾਲ ਸਵੀਕਾਰ ਕਰ ਲਿਆ।

ਇਹ ਸਾਰੀਆਂ ਗੱਲਾਂ ਮੁਰਤਜਾ ਖਾਨ ਦੇ ਮਨ ਵਿੱਚ ਗੁਰੁਦੇਵ ਦੇ ਪ੍ਰਤੀ ਆਦਰ ਭਾਵ ਉਤਪੰਨ ਕਰਨ ਵਿੱਚ ਸਹਾਇਕ ਬਣ ਰਹੀਆਂ ਸਨ। ਇਸ ਕਰਕੇ ਉਹ ਨਹੀਂ ਸੀ ਚਾਹੁੰਦਾ ਕਿ ਸ਼ੇਖ ਅਹਿਮਦ ਸਰਹਿੰਦੀ ਅਤੇ ਉਸਦੇ ਸਹਿਯੋਗੀ ਸ਼ੇਖ ਫਰੀਦ ਬੁਖਾਰੀ ਦੀ ਜੁੰਡਲੀ ਗੁਰੁਦੇਵ ਜੀ ਨੂੰ ਕੋਈ ਹਾਨੀ ਪਹੁੰਚਾ ਸਕੇ।

ਮੈਂ ਇਥੇ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਕੁਝ ਲੇਖਕਾਂ ਨੂੰ ਗਲਤਫਹਿਮੀ ਹੋਈ ਹੈ ਕਿ ਸ਼ੇਖ ਫਰੀਦ ਬੁਖਾਰੀ ਅਤੇ ਮੁਰਤਜਾ ਖਾਨ ਇੱਕ ਹੀ ਵਿਅਕਤੀ ਦੇ ਦੋ ਨਾਮ ਹਨ। ਇਹ ਗੱਲ ਬਿਲਕੁਲ ਝੂਠੀ ਹੈ,ਕਿਉਂਕਿ ਸ਼ੇਖ ਫਰੀਦ ਬੁਖਾਰੀ ਉਨ੍ਹਾਂ ਦਿਨਾਂ ਵਿੱਚ ਕੇਂਦਰੀ ਪ੍ਰਸ਼ਾਸਨ ਵਿੱਚ ਇੱਕ ਵਿਸ਼ਿਸ਼ਟ ਸੈਨਿਕ ਅਧਿਕਾਰੀ ਸੀ, ਜਿਸਨੇ ਖੁਸਰੋ ਦੀ ਬਗਾਵਤ ਨੂੰ ਕੁਚਲਿਆ ਸੀ। ਠੀਕ ਉਸ ਸਮੇਂ ਪੰਜਾਬ ਪ੍ਰਾਂਤ ਦਾ ਰਾਜਪਾਲ ਮੁਰਤਜਾ ਖਾਨ ਸੀ। ਅਕਬਰ ਦੇ ਸਮੇਂ ਤੋਂ ਹੀ ਉਹ ਇਸ ਅਹੁਦੇ ਤੇ ਹੀ ਚਲਦਾ ਆ ਰਿਹਾ ਸੀ।

ਵੈਸੇ ਸ਼ੇਖ ਮੁਸਲਮਾਨਾਂ ਵਿੱਚ ਬਹੁਤ ਉਚੀ ਸ਼੍ਰੇਣੀ ਮੰਨੀ ਜਾਂਦੀ ਹੈ, ਜਿਵੇਂ ਹਿੰਦੂਆਂ ਵਿੱਚ ਬ੍ਰਾਹਮਣ। ਸ਼ੇਖ ਫਰੀਦ

ਬੁਖਾਰੀ ਇੱਕ ਸੰਪੂਰਨ (ਪੂਰਾ) ਅਤੇ ਮਾਣਯੋਗ ਨਾਂ ਹੈ। ਠੀਕ ਇਸੇ ਤਰ੍ਹਾਂ ਮੁਰਤਾਜਾ ਖਾਨ ਵੀ ਆਪਣੇ ਆਪ ਵਿੱਚ ਮੁਕੰਮਲ ਤੇ ਮਾਣਯੋਗ ਨਾਂ ਹੈ। ਫਿਰ ਕੀ ਜ਼ਰੂਰਤ ਆ ਪਈ ਕਿ ਇੱਕ ਉਪਾਧੀ ਬਦਲੇ, ਇੱਕ ਸੰਪੂਰਨ ਸ਼ਖਸ਼ੀਅਤ ਵਾਲਾ ਮਨੁੱਖ ਆਪਣਾ ਨਾ ਹੀ ਬਦਲ ਲਵੇ।

ਮੈਂ ਇਹ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦਿਨਾਂ ਵਿੱਚ ਸ਼ੇਖ ਅਹਿਮਦ ਸਰਹਿੰਦੀ ਜਹਾਂਗੀਰ ਦਾ ਪੀਰ, ਇੱਕ ਮੁਰਸ਼ਦ ਦੇ ਰੂਪ ਵਿੱਚ ਸੀ, ਜਿਸਦਾ ਰੁਤਬਾ ਉਸ ਵੇਲੇ ਬੇਤਾਜ਼ ਬਾਦਸ਼ਾਹ ਤੋਂ ਘੱਟ ਨਹੀਂ ਸੀ। ਮੌਕੇ ਦਾ ਨਜਾਇਜ਼ ਫਾਇਦਾ ਲੈਂਦਿਆਂ, ਉਸਨੇ ਆਪਣੇ ਨਿੱਜੀ ਸੁਆਰਥ ਨੂੰ ਸਿੱਧ ਕਰਨ ਲਈ ਛੜਯੰਤਰ (ਸਾਜ਼ਿਸ) ਰਚ ਕੇ ਸ਼ਾਹੀ ਕਾਜੀ ਤੋਂ ਗੁਰੁਦੇਵ ਦੇ ਵਿਰੁੱਧ ਫਤਵਾ ਲਵਾਇਆ ਅਤੇ ਉਨ੍ਹਾਂ ਨੂੰ ਅਸਹਿ ਤਸੀਹੇ ਦੇ ਕੇ ਸ਼ਹੀਦ ਦਿੱਤਾ।

ਇਤਿਹਾਸ ਗਵਾਹ ਹੈ, ਉਸ ਵੇਲੇ ਸਮਰਾਟ ਆਪ ਸਿੰਧ ਪ੍ਰਾਂਤ ਵੱਲ ਚਾਲੇ ਪਾ ਚੁੱਕਾ ਸੀ।

'ਤੁਜ਼ਾਕਿ-ਜਹਾਂਗੀਰੀ' ਨਾਮਕ ਰੋਜ਼ਨਾਮਚੇ ਦੀ ਇਬਾਰਤ ਦਾ ਵਿਸ਼ਲੇਸ਼ਣ

ਗੋਇੰਦਵਾਲ, ਜੋ ਬਿਆਸ ਨਦੀ ਦੇ ਕਿਨਾਰੇ .................... ਉਸਨੂੰ ਸਿਆਸਤ ਅਤੇ ਮਾਸਾ ਦੇ ਕਾਨੂੰਨ ਅਨੁਸਾਰ ਸਜ਼ਾ ਦਿਉ।

ਉਪਰੋਕਤ ਇਬਾਰਤ ਵਿੱਚ ਅਨੇਕ ਤਰੁੱਟੀਆਂ ਹਨ। ਕਿਉਂਕਿ ਇਹ ਜਹਾਂਗੀਰ ਦੀ ਸਖਸ਼ੀਅਤ ਅਤੇ ਇਤਿਹਾਸਕ ਘਟਨਾਵਾਂ ਦੀ ਤਰਤੀਬ ਨਾਲ ਮੇਲ ਨਹੀਂ ਖਾਂਦੀ। ਇਸ ਵਿੱਚ ਝੂਠ ਸਪਸ਼ਟ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਇਸ ਤੋਂ ਪ੍ਰਤੱਖ ਸਾਜਿਸ਼ (ਯਛਯੰਤਰ) ਰਚਨ ਦੇ ਲੱਛਣ ਮਹਿਸੂਸ ਹੋ ਰਹੇ ਹਨ।

ਇਹ ਇਬਾਰਤ ਸ੍ਰੀ ਗੁਰੂਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਲਿਖੀ ਹੋਈ ਸਪਸ਼ਟ ਹੋ ਰਹੀ ਹੈ, ਕਿਉਂਕਿ ਇਸ ਇਬਾਰਤ ਵਿੱਚ ਭੂਤਕਾਲ ਦੀ ਸ਼ਬਦਾਵਲੀ ਵਰਤੋਂ ਵਿੱਚ ਲਿਆਂਦੀ ਗਈ, ਜਿਵੇਂ ਇਸ ਵਿੱਚ ਲਿਖਿਆ ਹੈ–

'ਅਰਜਨ ਨਾਮ ਦਾ ਇੱਕ ਹਿੰਦੂਰਹਿੰਦਾ ਸੀ', ਭਾਵ ਇਹ ਹੋਇਆ ਕਿ ਗੁਰੂਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਚੁੱਕੀ ਸੀ, ਜਦ ਕਿ ਜਹਾਂਗੀਰ ਗੁਰੁਦੇਵ ਤੋਂ ਲੱਖ ਰੁਪਏ ਦੰਡ ਦੇ ਰੂਪ ਵਿੱਚ ਵਸੂਲ ਕਰਨ ਦਾ ਆਦੇਸ਼ ਦੇ ਕੇ ਆਪ ਖੁਦ ਤੁਰੰਤ ਸਿੰਧ ਪ੍ਰਾਂਤ ਵੱਲ ਚਲਾ ਗਿਆ ਸੀ। ਉਹ ਇਹ ਦੰਡ ਨਾ ਵਸੂਲ ਹੋਣ ਦੇ ਬਦਲੇ ਵਿੱਚ ਕੋਈ ਹੋਰ ਆਦੇਸ਼ ਨਹੀਂ ਦੇ ਕੇ ਗਿਆ ਸੀ। ਉਸਦੇ ਜਾਣ ਤੋਂ ਬਾਅਦ ਗੁਰੁਦੇਵ ਜੀ ਨੂੰ ਸ਼ਹੀਦ ਕੀਤਾ ਗਿਆ, ਇਸ ਗੱਲ ਦਾ ਉਸਨੂੰ ਸਿੰਧ ਵਿੱਚ ਰਹਿਣ ਸਮੇਂ ਕੋਈ ਗਿਆਨ ਨਹੀਂ ਸੀ। ਵਾਪਸ ਦਿੱਲੀ ਪਹੁੰਚਣ ਤੇ ਹੀ ਉਸਨੂੰ ਗੁਰੁਦੇਵ ਜੀ ਸ਼ਹਾਦਤ ਦੇ ਬਾਰੇ ਸੂਚਨਾ ਮਿਲੀ। ਹੁਣ ਪ੍ਰਸ਼ਨ ਉਠਦਾ ਹੈ ਕਿ ਵਿਚਲੇ ਸਮੇਂ ਦੌਰਾਨ ਇਹ ਇਬਾਰਤ 'ਤੁਜ਼ਾਕਿ ਜਹਾਂਗੀਰੀ' ਨਾਮਕ ਰੋਜ਼ਨਾਮਚੇ ਵਿੱਚ ਕਿਸਨੇ ਲਿਖਵਾਈ?

1. ਬਾਦਸ਼ਾਹ ਜਹਾਂਗੀਰ ਦੇ ਜੀਵਨ ਨੂੰ ਪੜ੍ਹਨ ਤੋਂ ਬਾਅਦ ਇਹ ਗਿਆਨ ਹੁੰਦਾ ਹੈ ਕਿ ਉਹ ਪੀਰਾਂ ਫਕੀਰਾਂ ਦਾ ਬਹੁਤ ਆਦਰ ਕਰਦਾ ਸੀ। ਉਹ ਕਈ ਵਾਰ ਸਾਈਂ ਮੀਆਂ ਮੀਰ ਜੀ ਕੋਲ ਅਧਿਆਤਮਕ ਗਿਆਨ ਪ੍ਰਾਪਤ ਕਰਨ ਲਈ ਆਉਂਦਾ ਸੀ। ਅਜਿਹਾ ਮਨੁੱਖ ਕਦੇ ਵੀ ਹੇਠ ਲਿਖੀਆਂ ਸ਼ਤਰਾਂ ਨਹੀਂ ਲਿਖ ਸਕਦਾ। ਜਿਹੜਾ ਇਹ ਜਾਣਦਾ ਹੋਵੇ ਕਿ ਉਸਦੇ ਪਿਤਾ ਵੀ ਇਸ ਦਰ-ਘਰ ਤੇ ਆਏ ਸਨ ਅਤੇ ਉਹ ਸੰਤੁਸ਼ਟ ਹੋ ਕੇ ਵਾਪਸ ਆਏ ਸਨ। ''ਆਪਣੇ

ਆਪ ਨੂੰ ਵਲੀ ਅਤੇ ਪੀਰ ਹੋਣ ਦਾ ਢੋਲ ਬਹੁਤ ਉਚੀ ਅਵਾਜ਼ ਵਿੱਚ ਵਜਾਇਆ ਹੋਇਆ ਸੀ ਅਤੇ ਲੋਕ ਉਸਨੂੰ ਗੁਰੂਕਹਿੰਦੇ ਸਨ।'' ਇਹ ਸਤਰਾਂ ਕਿਸੇ ਈਰਖਾਲੂਵਿਅਕਤੀ ਦੀਆਂ ਹਨ। ਸਪਸ਼ਟ ਹੈ ਕਿ ਇਹ ਵਿਅਕਤੀ ਕੋਈ ਹੋਰ ਨਹੀਂ, ਸ਼ੇਖ ਅਹਿਮਦ ਸਰਹਿੰਦੀ ਹੀ ਸੀ।

2. ਜਹਾਂਗੀਰ ਜਦੋਂ ਜਵਾਨ ਹੋਇਆ ਤਾਂ ਅਕਬਰ ਨੇ ਉਸਨੂੰ ਪੂਰਬ ਵੱਲ ਅਸਾਮ-ਬੰਗਾਲ ਦਾ ਗਵਰਨਰ ਬਣਾ ਕੇ ਭੇਜ ਦਿੱਤਾ ਸੀ। ਇਸ ਲਈ ਉਸਦਾ ਸਬੰਧ ਪੰਜਾਬ ਵੱਲ ਹੈ ਹੀ ਨਹੀਂ ਸੀ। ਸੋ ਹੇਠ ਲਿਖੀਆਂ ਸਤਰਾਂ ਨਿਰਮੂਲ ਸਾਬਤ ਹੁੰਦੀਆਂ ਹਨ ਕਿ ....... ਕਿਤਨੇ ਸਮੇਂ ਤੋਂ ਮੇਰੇ ਮਨ ਵਿੱਚ ਇਹ ਖਿਆਲ ਆਉਂਦਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ।

ਜਦ ਜਹਾਂਗੀਰ ਗੱਦੀ ਤੇ ਬੈਠਿਆ, ਤਦ ਉਸਦਾ ਸਬੰਧ ਪੰਜਾਬ ਨਾਲ ਜੁੜਿਆ, ਉਸ ਤੋਂ ਪਹਿਲਾਂ ਉਸਨੂੰ ਕਿਸ ਗੱਲ ਤੇ ਗੁਰੂਜੀ ਨਾਲ ਈਰਖਾ ਸੀ? ਜਦ ਕਿ ਉਸ ਤੋਂ ਪਹਿਲਾਂ ਗੁਰੂਘਰ ਨਾਲ ਉਸਦਾ ਵਾਸਤਾ ਹੀ ਨਹੀਂ ਸੀ। ਇਹ ਸਤਰਾਂ ਜਹਾਂਗੀਰ ਦੀਆਂ ਨਹੀਂ, ਸਗੋਂ ਕੀ ਅੱਗ ਨੇ ਆਪਣਾ ਸੁਭਾਅ ਅਰਥਾਤ ਕਰਤੱਵ ਬਦਲ ਲਿਆ ਸੀ? ਕਹਿਣ ਦਾ ਅਰਥ ਇਹ ਹੈ ਕਿ ਅਖੌਤੀ ਵਿਦਵਾਨ 400 ਸਾਲ ਤੋਂ ਇਹ ਕਹਿੰਦੇ ਆ ਰਹੇ ਹਨ ਕਿ ਗੁਰੂਦੇਵ ਜੀ ਨੂੰ ਸਭ ਤੋਂ ਪਹਿਲਾਂ ਉਬਲਦੇ ਹੋਏ ਪਾਣੀ ਦੀ ਦੇਗ ਵਿੱਚ ਬਿਠਾ ਦਿੱਤਾ ਗਿਆ, ਫਿਰ ਉਨ੍ਹਾਂ ਨੂੰ ਗਰਮ ਭਖਦੀ ਲੋਹ ਤੇ ਬਿਠਾ ਦਿੱਤਾ ਗਿਆ। ਉਸਤੋਂ ਬਾਅਦ ਉਨ੍ਹਾਂ ਦੇ ਸੀਸ ਤੇ ਭੜਭੂਜੇ ਦੁਆਰਾ ਭੱਠੀ ਵਿੱਚ ਗਰਮ ਕੀਤੀ ਰੇਤ ਪਾਈ ਗਈ। ਗੱਲ ਇੱਥੇ ਹੀ ਖਤਮ ਨਹੀਂ, ਫਿਰ ਉਨ੍ਹਾਂ ਨੂੰ ਰਾਵੀ ਨਦੀ ਵਿੱਚ ਇਸ਼ਨਾਨ ਲਈ ਲਿਜਾਇਆ ਗਿਆ। ਉਥੋਂ ਉਹ ਲਾਪਤਾ ਹੋ ਗਏ।

ਸੇਖ ਅਹਿਮਦ ਸਰਹਿੰਦੀ ਦੀਆਂ ਹਨ, ਕਿਉਂਕਿ ਇਸਲਾਮ ਦੇ ਪ੍ਰਚਾਰ ਲਈ ਉਸਨੂੰ ਗੁਰੂਦੇਵ ਜੀ ਦੀ ਬਾਣੀ ਰੁਕਾਵਟ ਪ੍ਰਤੀਤ ਹੋ ਰਹੀ ਸੀ।

3. ਜਹਾਂਗੀਰ ਦਾ ਨਾਨਕਾ ਪਰਿਵਾਰ ਹਿੰਦੂਹੋਣ ਕਾਰਨ ਉਹ ਹਿੰਦੂਸੰਸਕਾਰਾਂ ਤੋਂ ਭਲੀ ਭਾਂਤ ਜਾਣੂਸੀ। ਉਸਦੀ ਕਿਸ਼ੋਰ ਉਮਰ ਦੇ ਲਗਭਗ ਪੰਜ ਸਾਲ ਨਾਨਕੇ ਹੀ ਬਤੀਤ ਹੋਏ। ਜਦ ਉਹ ਜਵਾਨ ਹੋਇਆ, ਤਦ ਵਾਪਸ ਆਗਰੇ ਆਇਆ। ਇੱਥੇ ਹੀ ਬਸ ਨਹੀਂ, ਉਸਨੇ ਤਿੰਨ ਹਿੰਦੂਰਾਜਕੁਮਾਰੀਆਂ ਨਾਲ ਵਿਆਹ ਵੀ ਕਰਵਾਏ। ਸੁਭਾਵਿਕ ਹੈ ਕਿ ਹਿੰਦੂਸੰਸਕਾਰਾਂ ਵਾਲਾ ਵਿਅਕਤੀ ਸੀ।ਜਿਹੜਾ ਮਿਲੀ-ਜੁਲੀ ਜੀਵਨ ਸ਼ੈਲੀ ਅਪਣਾਉਂਦਾ ਸੀ। ਫਿਰ ਨਿਮਨਲਿਖਤ ਸਤਰਾਂ ਵਿੱਚ ਅਗਿਆਨਤਾ ਕਿਉਂ ਪ੍ਰਗਟ ਕੀਤੀ ਗਈ ਹੈ। 'ਕੇਸਰ ਨਾਲ ਉਸਦੇ ਮੱਥੇ ਤੇ ਟਿੱਕਾ ਲਾਇਆ, ਜਿਸਨੂੰਹਿੰਦੂਲੋਕ ਤਿਲਕ ਕਹਿੰਦੇ ਹਨ ਅਤੇ ਚੰਗਾ ਸ਼ੁਗਨ ਮੰਨਦੇ ਹਨ।''

ਇਹ ਸਤਰਾਂ ਲਿਖਣ ਦਾ ਅੰਦਾਜ਼ ਕਿਸੇ ਅਗਿਆਨੀ ਮਨੁੱਖ ਦਾ ਹੈ, ਜੋ ਕੇਸਰ ਅਤੇ ਹਿੰਦੂਰੀਤੀ-ਰਿਵਾਜਾਂ ਬਾਰੇ ਕੁਝ ਨਹੀਂ ਜਾਣਦਾ ਅਰਥਾਤ ਓਪਰਾ ਮਨੁੱਖ, ਜਿਸਦਾ ਕਦੀ ਇਨ੍ਹਾਂ ਸੰਸਕਾਰਾਂ ਨਾਲ ਕਦੇ ਸਬੰਧ ਨਾ ਰਿਹਾ ਹੋਵੇ, ਜਦ ਕਿ ਹਿੰਦੂਪਰਿਵਾਰਾਂ ਵਿੱਚ ਪੂਜਾ ਪਾਠ ਦੇ ਸਮੇਂ ਕੇਸਰ ਖੂਬ ਵਰਤਦੇ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਸਤਰਾਂ ਬਾਦਸ਼ਾਹ ਦੀਆਂ ਨਹੀਂ, ਸ਼ੇਖ ਅਹਿਮਦ ਸਰਹਿੰਦੀ ਦੀਆਂ ਹਨ, ਜੋ ਕੱਟੜ ਮੁਸਲਿਮ ਸੰਸਕਾਰਾਂ ਦਾ ਸੀ।

4. ਜੇ ਬਾਦਸ਼ਾਹ ਨੇ ਗੁਰੂਦੇਵ ਜੀ ਦੇ ਘਰ-ਘਾਟ ਅਤੇ ਬੱਚੇ, ਮਾਲ-ਅਸ਼ਬਾਬ ਜ਼ਬਤ ਕਰਨ ਦਾ ਹੁਕਮ ਦਿੱਤਾ ਹੁੰਦਾ ਤਾਂ ਮੁਰਤਜ਼ਾ ਖਾਨ ਦੀ ਕੀ ਔਕਾਤ (ਮਜ਼ਾਲ) ਸੀ ਕਿ ਇਸ ਤੇ ਅਮਲ ਨਾ ਕਰਦਾ ਪਰ ਇਹ ਕੰਮ ਕਦੇ ਹੋਇਆ ਹੀ ਨਹੀਂ ਕਿਉਂਕਿ ਬਾਦਸ਼ਾਹ ਨੇ ਅਜਿਹਾ ਕੋਈ ਆਦੇਸ਼ ਦਿੱਤਾ ਹੀ ਨਹੀਂ। ਇਬਾਰਤ ਵਿੱਚ ਲਿਖਿਆ ਹੈ ਕਿ.........

''ਮੈਂ ਉਸਦਾ ਘਰ-ਘਾਟ ਅਤੇ ਬੱਚੇ ਮੁਰਤਜਾ ਖਾਨ ਦੇ ਹਵਾਲੇ ਕਰ ਦਿੱਤੇ ਅਤੇ ਉਸਦਾ ਮਾਲ-ਅਸਬਾਬ ਜਬਤ ਕਰਨ ਦਾ ਹੁਕਮ ਦਿੱਤਾ ਸੀ।''

ਇਸ ਆਦੇਸ਼ ਦੇ ਅਨੁਸਾਰ ਕੰਮ ਹੋ ਚੁੱਕਿਆ ਹੈ ਪਰ ਅਜਿਹਾ ਆਦੇਸ਼ ਕਦੇ ਬਾਦਸ਼ਾਹ ਨੇ ਦਿੱਤਾ ਹੀ ਨਹੀਂ। ਇਸ ਤਰ੍ਹਾਂ ਸਪਸ਼ਟ ਹੈ ਕਿ ਇਹ ਇਬਾਰਤ ਬਾਦਸ਼ਾਹ ਦੀ ਨਹੀਂ, ਸੇਖ ਅਹਿਮਦ ਸਰਹਿੰਦੀ ਦੁਆਰਾ ਲਿਖੀ ਗਈ ਹੈ।

ਇਤਿਹਾਸਕਾਰ ਬਾਦਸ਼ਾਹ ਜਹਾਂਗੀਰ ਨੂੰ ਆਪਣੇ ਸਮੇਂ ਦਾ ਬਹੁਤ ਵੱਡਾ ਨਿਆਂਕਾਰਹ ਰਾਜਾ ਮੰਨਦੇ ਹਨ, ਜਦ ਕਿ ਇਸ ਪੂਰੀ ਇਬਾਰਤ ਵਿੱਚ ਗੁਰੂਦੇਵ ਜੀ ਤੇ ਕੋਈ ਇਲਜਾਮ ਨਹੀਂ ਲਾਇਆ ਗਿਆ ਹੈ, ਕੇਵਲ ਸਿਆਸਤ ਅਤੇ ਯਾਸਾ ਕਾਨੂੰਨ ਤੇ ਤਹਿਤ ਮੌਤ ਦੀ ਸਜ਼ਾ ਦੇਣ ਦੀ ਗੱਲ ਕਹੀ ਗਈ ਹੈ।

''ਉਸਨੂੰ ਸਿਆਸਤ ਅਤੇ ਯਾਸਾ ਦੇ ਕਾਨੂੰਨ ਅਨੁਸਾਰ ਦੰਡ ਦਿਓ।''

ਹੁਣ ਵਿਚਾਰਣ ਵਾਲੀ ਗੱਲ ਇਹ ਹੈ ਕਿ ਇੱਕ ਨਿਆਂਕਾਰ ਮਨੁੱਖ ਬਿਨ੍ਹਾਂ ਕਿਸੇ ਕਾਰਨ ਅਤੇ ਅਪਰਾਧ ਦੱਸੇ ਬਿਨ੍ਹਾਂ ਕਿਸੇ ਨਿਰਦੋਸ਼ ਵਿਅਕਤੀ ਦੇ ਪ੍ਰਤੀ ਅਜਿਹੇ ਆਦੇਸ਼ ਕਿਵੇਂ ਦੇ ਸਕਦਾ ਹੈ? ਸੋ ਸਪਸ਼ਟ ਹੈ ਕਿ ਇਬਾਰਤ ਬਾਦਸ਼ਾਹ ਦੁਆਰਾ ਨਹੀਂ ਲਿਖੀ ਗਈ।

**ਜੱਜ:-** ਅੱਜ ਤੱਕ ਪਰੰਪਰਾ ਅਨੁਸਾਰ ਜਨਤਾ ਨੂੰ ਜੋ ਘਟਨਾਵਾਂ ਤਰਤੀਬ ਅਨੁਸਾਰ ਸੁਣਾਈਆਂ ਜਾਂਦੀਆਂ ਹਨ, ਉਨ੍ਹਾਂ ਅਨੁਸਾਰ ਚੰਦੂਨਾਮਕ ਜਹਾਂਗੀਰ ਬਾਦਸ਼ਾਹ ਦੇ ਇੱਕ ਅਧਿਕਾਰੀ ਦੀ ਬੇਟੀ ਦਾ ਰਿਸ਼ਤਾ ਸ੍ਰੀ ਗੁਰੂਅਰਜਨ ਦੇਵ ਜੀ ਨੇ ਆਪਣੇ ਬੇਟੇ ਸ੍ਰੀ ਹਰਿਗੋਬਿੰਦ ਜੀ ਦੇ ਲਈ ਸਵੀਕਾਰ ਕਰਨ ਤੋਂ ਬਾਅਦ ਚੰਦੂਦੁਆਰਾ ਅਭਿਮਾਨ ਵਿੱਚ ਕਹੇ ਕੀਤੀ ਹੀ ਨਹੀਂ ਅਤੇ ਨਾ ਹੀ ਕਿਸੇ ਹੋਰ ਨੂੰ ਇਸ ਦੇ ਲਈ ਆਗਿਆ ਦਿੱਤੀ ਤਾਂ ਫਿਰ ਗਏ (ਪ੍ਰੋਹਿਤ ਨੂੰ) ਵਿਅੰਗ ਭਰਪੂਰ ਸ਼ਬਦਾਂ ਦੇ ਕਾਰਣ ਠੁਕਰਾ ਦਿੱਤਾ ਸੀ। ਉਸਦੇ ਬਦਲੇ ਵਿੱਚ ਚੰਦੂਨੇ ਗੁਰੂਦੇਵ ਦੀ ਹੱਤਿਆ ਕਰਵਾ ਦਿੱਤੀ। ਇਸ ਵਿਸ਼ੇ ਵਿੱਚ ਵਿਰੋਧੀ ਧਿਰ ਦੇ ਵਕੀਲ ਨੇ ਕੁਝ ਕਹਿਣਾ ਹੈ?

**ਵਿਰੋਧੀ ਧਿਰ ਦਾ ਵਕੀਲ:-** ਸ੍ਰੀਮਾਨ ਜੀ, ਮੁਆਫ ਕਰਨਾ, ਇਹ ਗੱਲ ਜਨਤਾ ਨੂੰ ਗੁੰਮਰਾਹ ਕਰਨ ਲਈ ਛੜਯੰਤਰਕਾਰੀਆਂ ਨੇ ਫੈਲਾ ਦਿੱਤੀ ਸੀ ਕਿ ਪਰ ਅਸਲੀਅਤ ਇਸ ਦੇ ਬਿਲਕੁਲ ਉਲਟ ਅਤੇ ਵੱਖਰੀ ਹੈ, ਜੇ ਆਗਿਆ ਹੋਵੇ, ਤਾਂ ਵਿਸਥਾਰਪੂਰਵਕ ਇਸ ਘਟਨਾ ਦਾ ਤਰਤੀਬ ਨਾਲ ਵਰਨਣ ਕਰਾਂ?

**ਜੱਜ:- ਆਗਿਆ ਦਿੱਤੀ ਜਾਂਦੀ ਹੈ?**

**ਵਿਰੋਧੀ ਧਿਰ ਦਾ ਵਕੀਲ:-** ਇਹ ਠੀਕ ਹੈ ਕਿ ਗੁਰੂਅਰਜਨ ਦੇਵ ਜੀ ਨੇ ਦਿੱਲੀ ਦੀ ਸੰਗਤ ਦਾ ਸੰਦੇਸ਼ ਮਿਲਣ ਤੇ

ਚੰਦੂਦੀ ਬੇਟੀ ਦਾ ਰਿਸ਼ਤਾ ਆਪਣੇ ਬੇਟੇ ਸ੍ਰੀ ਹਰਿਗੋਬਿੰਦ ਜੀ ਦੇ ਲਈ ਲੈਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ, ਪਰ ਚੰਦੂਸ਼ਾਹ ਇਸ ਰਿਸ਼ਤੇ ਨੂੰ ਬਣਾਉਣ ਦੇ ਯਤਨ ਦੁਬਾਰਾ ਤੋਂ ਕਰਨ ਲੱਗਾ ਸੀ। ਅਸਲ ਵਿੱਚ ਉਹ ਇਸ ਰਿਸ਼ਤੇ ਤੋਂ ਸੰਤੁਸ਼ਟ ਸੀ, ਪਰ ਉਹ ਇਸ ਕੰਮ ਵਿੱਚ ਸਫਲ ਨਾ ਹੋ ਸਕਿਆ। ਇਸ ਤਰ੍ਹਾਂ ਇਹ ਘਟਨਾ ਇੱਥੇ ਹੀ ਖਤਮ ਹੋ ਗਈ। ਇਤਫਾਕ ਨਾਲ ਉਨ੍ਹਾਂ ਦਿਨਾਂ ਵਿੱਚ ਬਾਦਸ਼ਾਹ ਜਹਾਂਗੀਰ ਦੇ ਪੁੱਤਰ ਖੁਸਰੋ ਨੇ ਆਪਣੇ ਪਿਤਾ ਦੇ ਵਿਰੁੱਧ ਬਗਾਵਤ ਕਰ ਦਿੱਤੀ।ਜਿਸ ਵਿੱਚ ਉਹ ਬੁਰੀ ਤਰ੍ਹਾਂ ਅਸਫਲ ਹੋਇਆ।

ਕਾਬਲ ਵੱਲ ਭੱਜਦੇ ਸਮੇਂ ਝਨਾਬ ਨਦੀ ਪਾਰ ਕਰਦਿਆਂ ਉਸਨੂੰ ਪਕੜ ਲਿਆ ਗਿਆ ਅਤੇ ਮੌਤ ਦੀ ਸਜ਼ਾ ਦੇ ਦਿੱਤੀ ਗਈ। ਪਰ ਉਸ ਵਿਦਰੋਹੀ ਕਾਂਡ ਤੋਂ ਫਾਇਦਾ ਲੈਣ ਲਈ ਸ਼ੇਖ ਅਹਿਮਦ ਸਰਹਿੰਦੀ, ਜਿਹੜਾ ਉਨ੍ਹਾਂ ਦਿਨਾਂ ਵਿੱਚ ਨਖਸ਼ਬੰਦੀ ਗੁੱਟ ਦਾ ਮੁਖੀਆ ਤੇ ਇਸਲਾਮ ਦਾ ਪ੍ਰਚਾਰਕ ਸੀ, ਨੇ ਆਪਣੇ ਮਨ ਨਾਲ ਸ਼ੇਖ ਫਰੀਦ ਬੁਖਾਰੀ ਜੋ ਉਨ੍ਹਾਂ ਦਿਨਾਂ ਵਿੱਚ ਬਾਦਸ਼ਾਹ ਜਹਾਂਗੀਰ ਦਾ ਉੱਚ ਸੈਨਿਕ ਅਧਿਕਾਰੀ ਸੀ, ਦੇ ਨਾਲ ਮਿਲ ਕੇ ਇੱਕ ਸਾਜਿਸ਼ ਰਚੀ। ਸਾਜਿਸ਼ ਵਿੱਚ ਇੱਕ ਸਧਾਰਣ ਜਿਹੀ ਘਟਨਾ ਨੂੰ ਵਧਾ ਚੜ੍ਹਾ ਕੇ ਗੁਰੂਜੀ ਨੂੰ ਵਿਦਰੋਹੀਆਂ ਦਾ ਹਿੱਸੇਦਾਰ ਪ੍ਰਗਟ ਕਰਨ ਦੀ ਕੌਸ਼ਿਸ਼ ਕਰਨ ਲੱਗਾ, ਇਸ ਤਰ੍ਹਾਂ ਇਨ੍ਹਾਂ ਲੋਕਾਂ ਨੇ ਬਾਦਸ਼ਾਹ ਜਹਾਂਗੀਰ ਨੂੰ ਗੁੰਮਰਾਹ ਕੀਤਾ ਅਤੇ ਭੜਕਾਇਆ ਕਿ ਉਸਦੇ ਬਾਗੀ ਪੁੱਤਰ ਦੀ ਗੁਰੂਅਰਜਨ ਦੇਵ ਜੀ ਨੇ ਆਰਥਿਕ ਸਹਾਇਤਾ ਕੀਤੀ ਅਤੇ ਉਸਨੂੰ ਆਸ਼ੀਰਵਾਦ ਦਿੱਤਾ ਹੈ।

**ਵਿਰੋਧੀ ਧਿਰ ਦਾ ਵਕੀਲ:-** ਸ੍ਰੀਮਾਨ ਜੀ, ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਦੁਸ਼ਮਣ ਪੱਖ ਦਾ ਉਦੇਸ਼ ਸ੍ਰੀ ਗੁਰੂਅਰਜਨ ਦੇਵ ਜੀ ਦੀ ਹੱਤਿਆ ਕਰਨਾ ਨਹੀਂ ਸੀ, ਉਹ ਤਾਂ ਕੇਵਲ ਤਸੀਹੇ ਦੇ ਕੇ ਅਤੇ ਪੀੜਿਤ ਕਰਕੇ ਇਸਲਾਮ ਸਵੀਕਾਰ ਕਰਵਾਉਣਾ ਚਾਹੁੰਦੇ ਸਨ। ਫਿਰ ਉਨ੍ਹਾਂ ਨੂੰ ਇਤਨੇ ਵਿਸ਼ਾਲ ਪੈਮਾਨੇ ਤੇ ਹੱਤਿਆ ਦੀ ਸਮੱਗਰੀ ਇਕੱਠੀ ਕਰਨ ਦੀ ਕੀ ਲੋੜ ਸੀ। ਜਦ ਕਿ ਉਨ੍ਹਾਂ ਹੱਤਿਆ ਹੀ ਕਰਨੀ ਚਾਹੁੰਦੀ ਤਾਂ ਕਾਜੀ ਦੇ ਦਿੱਤੇ ਗਏ ਫਤਵੇ ਦੇ ਅਨੁਸਾਰ ਗਾਂ ਦੇ ਚਮੜੇ ਵਿੱਚ ਮੜ੍ਹ ਕੇ ਉਨ੍ਹਾਂ ਨੂੰ ਮੌਤ ਦੀ ਸ਼ਜਾ ਦੇ ਸਕਦੇ ਸਨ।

ਦੂਜੇ ਪਾਸੇ ਗੁਰੂਦੇਵ ਜੀ ਦਾ ਦ੍ਰਿੜ ਨਿਸ਼ਚਾ ਸੀ ਕਿ ਮੇਰਾ ਕੋਈ ਦੁਸ਼ਮਣ ਨਹੀਂ, ਮੇਰੇ ਨਾਲ ਜੋ ਜ਼ੁਲਮੀ ਵਿਵਹਾਰ ਹੋ ਰਿਹਾ ਹੈ, ਇਹ ਉਸ ਪ੍ਰਭੂਦੀ ਇੱਛਾ ਦੇ ਅਨੁਸਾਰ ਹੀ ਹੋ ਰਿਹਾ ਹੈ। ਇਸ ਲਈ ਉਹ ਸੰਤੁਸ਼ਟ ਸਨ, ਤਾਂ ਹੀ ਉਨ੍ਹਾਂ ਨੇ ਵਿਰੋਧੀ ਧਿਰ ਲਈ ਕਿਸੇ ਆਤਮ ਬਲ ਦੀ ਵਰਤੋਂ ਨਹੀਂ ਕੀਤੀ, ਜਦ ਕਿ ਉਥੇ ਪਹੁੰਚੇ ਸਾਈਂ ਮੀਆਂ ਮੀਰ ਜੀ ਗੁਰੂਜੀ ਨੂੰ ਬੇਨਤੀ ਕੀਤੀ ਕਿ ਉਹ ਆਗਿਆ ਦੇਣ ਤਾਂ ਇਨ੍ਹਾਂ ਦੁਸ਼ਟਾਂ ਨੂੰ ਉਹ ਆਤਮਕ ਬਲ ਨਾਲ ਠੀਕ ਕਰ ਦੇਣ। ਪਰ ਗੁਰੂਜੀ ਨੇ ਉਨ੍ਹਾਂ ਨੂੰ ਬ੍ਰਹਮ ਗਿਆਨ ਦਾ ਉਪਦੇਸ਼ ਦੇ ਕੇ ਵਾਪਸ ਭੇਜ ਦਿੱਤਾ ਸੀ।

ਹੁਣ ਪ੍ਰਸ਼ਨ ਇਹ ਉਠਦਾ ਹੈ ਕਿ ਜਦ ਗੁਰੂਦੇਵ ਜੀ ਨੇ ਆਤਮ ਬਲ ਦੀ ਵਰਤੋਂ ਕੀ ਅੱਗ ਨੇ ਆਪਣਾ ਸੁਭਾਅ ਅਰਥਾਤ ਕਰਤੱਵ ਬਦਲ ਲਿਆ ਸੀ? ਕਹਿਣ ਦਾ ਅਰਥ ਇਹ ਹੈ ਕਿ ਅਖੌਤੀ ਵਿਦਵਾਨ 400 ਸਾਲ ਤੋਂ ਇਹ ਕਹਿੰਦੇ ਆ ਰਹੇ ਹਨ ਕਿ ਗੁਰੂਦੇਵ ਜੀ ਨੂੰ ਸਭ ਤੋਂ ਪਹਿਲਾਂ ਉਬਲਦੇ ਹੋਏ ਪਾਣੀ ਦੀ ਦੇਗ ਵਿੱਚ ਬਿਠਾ ਦਿੱਤਾ ਗਿਆ, ਫਿਰ ਉਨ੍ਹਾਂ ਨੂੰ ਗਰਮ ਭਖਦੀ ਲੋਹ ਤੇ ਬਿਠਾ ਦਿੱਤਾ ਗਿਆ। ਉਸਤੋਂ ਬਾਅਦ ਉਨ੍ਹਾਂ ਦੇ ਸੀਸ ਤੇ ਭੜਭੂਜੇ ਦੁਆਰਾ ਭੱਠੀ ਵਿੱਚ ਗਰਮ ਕੀਤੀ ਰੇਤ ਪਾਈ ਗਈ। ਗੱਲ ਇੱਥੇ ਹੀ ਖਤਮ ਨਹੀਂ, ਫਿਰ ਉਨ੍ਹਾਂ ਨੂੰ ਰਾਵੀ ਨਦੀ ਵਿੱਚ ਇਸ਼ਨਾਨ ਲਈ ਲਿਜਾਇਆ ਗਿਆ। ਉਥੋਂ ਉਹ ਲਾਪਤਾ ਹੋ ਗਏ।

ਤੁਹਾਨੂੰ ਇਹ ਸਭ ਕੁਝ ਦੱਸਣ ਦਾ ਮੇਰਾ ਮਨੋਰਥ ਸਿਰਫ ਐਨਾ ਹੈ ਕਿ ਤੁਸੀਂ ਇਹ ਜਾਣ ਜਾਓਗੇ ਕਿ ਇਹ ਸਭ ਅਤਿਕਥਨੀ ਹੈ, ਜਿਸਦਾ ਕੋਈ ਸਿਰ ਪੈਰ ਨਹੀਂ ਕਿਉਂਕਿ ਇਹ ਸਾਰਾ ਕਾਰਜ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸੰਭਵ ਹੀ ਨਹੀਂ, ਕਿਉਂਕਿ ਸਾਧਾਰਨ ਹਾਲਾਤਾਂ ਵਿੱਚ ਆਮ ਵਿਅਕਤੀ ਕੇਵਲ ਉਬਲਦੇ ਪਾਣੀ ਵਿੱਚ ਬਿਠਾਉਣ ਤੇ ਤੁਰੰਤ ਮੌਤ ਨੂੰ ਪ੍ਰਾਪਤ ਹੋ ਜਾਵੇਗਾ। ਦੂਜੀ ਸਜ਼ਾ ਦੇਣ ਦੀ ਨੌਬਤ ਹੀ ਨਹੀਂ ਆਵੇਗੀ। ਜਦ ਕਿ ਉਸ ਸਮੇਂ ਸਥਾਨਕ ਤਾਪਮਾਨ 45 ਡਿਗਰੀ ਦੇ ਲਗਭਗ ਰਿਹਾ ਹੋਵੇਗਾ, ਕਿਉਂਕਿ ਇਤਿਹਾਸਕਾਰ ਕਹਿੰਦੇ ਹਨ ਕਿ ਉਨ੍ਹਾਂ ਦਿਨਾਂ ਵਿੱਚ ਲਾਹੌਰ ਅਤਿ ਦੀ ਗਰਮੀ ਦਾ ਕਹਿਰ ਜਾਰੀ ਸੀ।

ਚਲੋ ਮੰਨ ਲੈਂਦੇ ਹਾਂ ਕਿ ਕੋਈ ਵਿਕਅਤੀ ਉਬਲਦੇ ਪਾਣੀ ਵਿੱਚੋਂ ਜਿਉਂਦਾ ਨਿਕਲ ਵੀ ਆਵੇ ਤਾਂ ਕਲਪਨਾ ਕਰੋ ਕਿ ਉਸ ਵਿਅਕਤੀ ਦੇ ਸਰੀਰ ਤੇ ਕਿੰਨੇ ਭਿਅੰਕਰ ਛਾਲੇ ਹੋਣਗੇ, ਕੀ ਅਜਿਹੀ ਹਾਲਤ ਵਿੱਚ ਇੱਕ ਅੱਧ ਮਰੇ ਵਿਅਕਤੀ ਨੂੰ ਗਰਮ ਲੋਹ ਤੇ ਬਿਠਾਇਆ ਜਾ ਸਕਦਾ ਹੈ। ਜੇ ਮੰਨ ਹੀ ਲਿਆ ਜਾਵੇ ਕਿ ਕੋਈ ਉਨ੍ਹਾਂ ਨੂੰ ਚੁੱਕ ਕੇ ਗਰਮ ਲੋਹ ਤੇ ਬੈਠਾ ਦਿੰਦਾ ਹੈ, ਤਾਂ ਕੀ ਗਰਮ ਲੋਹਾ ਉਨ੍ਹਾਂ ਨੂੰ ਭਸਮ ਨਹੀਂ ਕਰ ਦੇਵੇਗਾ? ਕੀ ਉਸਤੋਂ ਬਾਅਦ ਫਿਰ ਭੜਭੁੰਜੇ ਦੁਆਰਾ ਤਿਆਰ ਗਰਮ ਰੇਤ ਸੀਸ ਤੇ ਪਾਉਂਣਾ ਬਾਕੀ ਰਹਿ ਜਾਂਦਾ ਹੈ? ਜ਼ਰਾ ਕਲਪਨਾ ਕਰੋ, 200 ਡਿਗਰੀ ਤਾਪਮਾਨ ਦੀ ਰੇਤ ਕਿਸੇ ਵਿਅਕਤੀ ਦੇ ਸਿਰ ਤੇ ਪਾਈ ਜਾਵੇ ਤਾਂ ਉਸ ਵਿਅਕਤੀ ਦਾ ਦਿਮਾਗ ਪਿਘਲ ਕੇ ਨੱਕ ਦੇ ਰਸਤੇ ਕਿਸ ਗਤੀ ਨਾਲ ਪ੍ਰਵਾਹ ਕਰੇਗਾ ਅਤੇ ਉਸ ਵਿਅਕਤੀ ਦੀ ਸੁਰਤ ਉਸੇ ਪਲ ਮੌਤ ਨੂੰ ਪ੍ਰਾਪਤ ਹੋਵੇਗੀ ਜਾਂ ਨਹੀਂ? ਫਿਰ ਅਜਿਹੇ ਹਾਲਾਤ ਵਿੱਚ ਇਹ ਕਹਿਣਾ ਕਿ ਗੁਰੂਜੀ ਨੇ ਇੱਛਾ ਪ੍ਰਗਟ ਕੀਤੀ ਕਿ ਉਹ ਇਸ਼ਨਾਨ ਕਰਨ ਲਈ ਰਾਵੀ ਨਦੀ ਤੇ ਜਾਣਾ ਚਾਹੁੰਦੇ ਹਨ। ਕੀ ਕੋਈ ਵਿਕਅਤੀ ਉਬਲੇ ਹੋਏ ਪਾਣੀ ਵਿੱਚ ਬੈਠਣ ਤੇ ਅਤੇ ਗਰਮ ਲੋਹ ਤੇ ਬੈਠਣ 'ਤੇ ਇਸ ਦੇ ਇਲਾਵਾ ਭੜਭੁਜੇ ਦੁਆਰਾ 200 ਡਿਗਰੀ ਤਾਪਮਾਨ ਦੀ ਰੇਤ ਸਿਰ ਤੇ ਪਵਾਉਣ ਤੋਂ ਬਾਅਦ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕਰਨ ਦੇ ਯੋਗ ਵੀ ਰਹਿ ਸਕਦਾ ਹੈ? ਇਨ੍ਹਾਂ ਗੱਲਾਂ ਵਿੱਚ ਤੁਸੀਂ ਵਿਵੇਕ ਬੁੱਧੀ ਦੁਆਰਾ ਸੱਚ ਅਤੇ ਝੂਠ ਦਾ ਨਤਾਰਾ ਕਰਕੇ ਫੈਸਲਾ ਦੇਣ ਦਾ ਕਸ਼ਟ ਕਰੋਗੇ ਕਿ ਦੁਸ਼ਮਣ ਧਿਰ ਨੇ ਜਨਤਾ ਨੂੰ ਆਪਣੇ ਝੂਠੇ ਪ੍ਰਾਪੇਗੰਡੇ ਨਾਲ ਕਿਵੇਂ ਗੁੰਮਰਾਹ ਕੀਤਾ ਹੈ?

ਜਿਵੇਂ ਕਿ ਤੁਸੀਂ ਜਾਣਦੇ ਹੋ-ਚੰਦੂਨੇ ਗੁਰੂਦੇਵ ਜੀ ਨਾਲ ਦੁਬਾਰਾ ਰਿਸ਼ਤੇਦਾਰੀ ਗੰਢਣ ਲਈ ਲਾਹੌਰ ਦੇ ਰਾਜਪਾਲ ਮੁਰਤਜਾ ਖਾਨ ਤੋਂ ਉਸਨੂੰਇੱਕ ਲੱਖ ਰੁਪਏ ਦੰਡ ਦੀ ਰਕਮ ਦੇਣ ਦੇ ਬਦਲ ਗੁਰੂਜੀ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਉਹ ਗੁਰੂਜੀ ਨੂੰ ਆਪਣੀ ਹਵੇਲੀ ਵਿੱਚ ਲੈ ਗਿਆ। ਉਥੇ ਉਸਨੇ ਹਰ ਪ੍ਰਕਾਰ ਦੀਆਂ ਕੋਸ਼ਿਸ਼ਾਂ ਕਰਕੇ ਵੇਖ ਲਈਆਂ ਪਰ ਗੁਰੂਜੀ ਨੇ ਉਸਦੀ ਬੇਟੀ ਦਾ ਰਿਸ਼ਤਾ ਆਪਣੇ ਲੜਕੇ ਲਈ ਸਵੀਕਾਰ ਨਹੀਂ ਕੀਤਾ। ਉਨ੍ਹਾਂ ਦਾ ਇੱਕ ਹੀ ਜੁਆਬ ਸੀ ਕਿ ਉਨ੍ਹਾਂ ਨੂੰ ਸੰਗਤ ਦਾ ਆਦੇਸ਼ ਹੈ ਕਿ ਇਹ ਰਿਸ਼ਤਾ ਮਨਜੂਰ ਨਾ ਕਰਨਾ। ਇਸ ਲਈ ਹੁਣ ਸੰਭਵ ਨਹੀਂ। ਤਦ ਚੰਦੂਗੁਰੂਜੀ ਨਾਲ ਗਲਤ ਵਿਵਹਾਰ ਕਰਨ ਲੱਗਾ। ਉਸਨੇ ਧਮਕੀ ਵੀ ਦਿੱਤੀ ਅਤੇ ਕੌੜੇ ਫਿੱਕੇ ਸ਼ਬਦ ਵੀ ਬੋਲੇ। ਫਿਰ ਉਨ੍ਹਾਂ ਨੂੰ ਰਾਤ ਨੂੰ ਇਕਾਂਤ ਕਮਰੇ ਵਿੱਚ ਬੰਦ ਕਰ ਦਿੱਤਾ।

ਚੰਦੂਦੀ ਨੂੰਹ, ਜੋ ਕਿ ਗੁਰੂਘਰ ਦੀ ਸ਼ਰਧਾਲੂਸੀ, ਅੱਧੀ ਰਾਤ ਨੂੰ ਗੁਰੂਜੀ ਲਈ ਕਲਪਿਤ ਗੱਲ ਹੈ ਕਿਉਂਕਿ ਸ਼ੇਖ ਮੁਸਲਮਾਨਾਂ ਵਿੱਚ ਬਹੁਤ ਆਦਰਯੋਗ ਸ਼੍ਰੇਣੀ ਮੰਨੀ ਜਾਂਦੀ ਹੈ, ਜਿਵੇਂ ਹਿੰਦੂਆਂ ਵਿੱਚ ਬ੍ਰਾਹਮਣ। ਸ਼ੇਖ ਫਰੀਦ ਬੁਖਾਰੀ ਇੱਕ ਪੂਰਾ ਅਤੇ ਮਾਣਯੋਗ ਨਾਂ ਹੈ। ਠੀਕ ਇਸੇ ਤਰ੍ਹਾਂ ਮੁਰਤਜਾ ਖਾਨ ਵੀ ਆਪਣੇ ਆਪ ਵਿੱਚ ਮੁਕੰਮਲ ਤੇ

ਮਾਣਯੋਗ ਨਾਂ ਹੈ। ਫਿਰ ਕੀ ਜ਼ਰੂਰਤ ਆ ਪਈ ਕਿ ਇੱਕ ਤਖਲੁਸ ਬਦਲੇ, ਇੱਕ ਸੰਪੂਰਨ ਸ਼ਖਸੀਅਤ ਵਾਲਾ ਮਨੁੱਖ ਆਪਣਾ ਪੂਰਾ ਨਾ ਹੀ ਬਦਲ ਲਵੇ

## ਸ਼ੇਖ ਫਰੀਦ ਬੁਖਾਰੀ

ਸ਼ੇਖ ਫਰੀਦ ਬੁਖਾਰੀ ਅਕਬਰ ਦੇ ਸ਼ਾਸਨ ਕਾਲ ਵਿੱਚ ਹੀ ਇੱਕ ਵਰਿਸ਼ਟ ਸੈਨਿਕ ਅਧਿਕਾਰੀ ਸੀ। ਉਸ ਸਮੇਂ ਕੇਂਦਰੀ ਸੈਨਾ ਨਾਲ ਉਸਦਾ ਸਿੱਧਾ ਸਬੰਧ ਹੋਣ ਕਰਕੇ ਸਲੀਮ (ਜਹਾਂਗੀਰ) ਨੇ ਤਖਤ ਦੀ ਪ੍ਰਾਪਤੀ ਲਈ ਇਸ ਵੱਲ ਦੋਸਤੀ ਦਾ ਹੱਥ ਵਧਾਇਆ। ਇਸਨੇ ਸਲੀਮ ਨੂੰ ਸੁਝਾਅ ਦਿੱਤਾ ਕਿ ਸਿਰਫ ਸੈਨਿਕ ਸ਼ਕਤੀ ਨਾਲ ਤਖਤ ਪ੍ਰਾਪਤੀ ਸੰਭਵ ਨਹੀਂ। ਇਸ ਦੇ ਇਲਾਵਾ ਸਲੀਮ ਨੂੰ ਜਨਤਾ ਵਿੱਚ ਆਪਣਾ ਅਸਰ-ਰਸੂਖ ਵੀ ਵਧਾਉਣਾ ਚਾਹੀਦਾ ਹੈ। ਜਿਉਂ ਹੀ ਉਹ ਜਨਤਾ ਵਿੱਚ ਹਰਮਨ ਪਿਆਰਾ ਹੋਵੇਗਾ, ਤਖਤ ਦੀ ਪ੍ਰਾਪਤੀ ਅਸਾਨ ਹੋ ਜਾਵੇਗੀ। ਇਸ ਕੰਮ ਨੂੰ ਕਰਨ ਲਈ ਉਸਨੇ ਆਪਣੇ ਪੀਰ ਸ਼ੇਖ ਅਹਿਮਦ ਸਰਹਿੰਦੀ ਦਾ ਉਸਦਾ ਮੇਲ ਕਰਵਾਇਆ। ਹੁਣ ਦੋਹਾਂ ਸ਼ੇਖਾਂ ਨੇ ਰਲ ਕੇ ਸਲੀਮ ਨੂੰ ਉਨ੍ਹਾਂ ਨਾਲ ਇੱਕ ਗੁਪਤ ਸੰਧੀ ਕਰਨ ਲਈ ਕਿਹਾ, ਇਸ ਸਬੰਧੀ ਦੇ ਤਹਿਤ ਸ਼ੇਖ ਅਹਿਮਦ ਸਰਹਿੰਦੀ ਆਪਣੀ ਪੀਰੀ-ਫਕੀਰੀ ਦੇ ਅਸਰ ਰਸੂਖ ਦੀ ਵਰਤੋਂ ਕਰਕੇ ਉਸਨੂੰ ਤਖਤ ਦਿਲਵਾ ਦੇਵੇਗਾ। ਇਸ ਦੇ ਬਦਲੇ ਵਿੱਚ ਸੱਤਾ (ਤਾਕਤ) ਪ੍ਰਾਪਤੀ ਤੋਂ ਬਾਅਦ ਉਹ (ਸਲੀਮ) ਉਨ੍ਹਾਂ ਦੇ ਇਸਲਾਮ ਤੇ ਪ੍ਰਚਾਰ ਤੇ ਪ੍ਰਸਾਰ ਲਈ ਪ੍ਰਸ਼ਾਸਨਿਕ ਸਹਾਇਤਾ ਦੇਵੇਗਾ।

ਸ਼ੇਖ ਫਰੀਦ ਬੁਖਾਰੀ ਨੇ ਹੀ ਖੁਸਰੋ ਦੀ ਬਗਾਵਤ ਨੂੰ ਕੁਚਲ ਕੇ ਲਾਹੌਰ ਨਗਰ ਦੇ ਕਿਲ੍ਹੇ ਨੂੰ ਦੁਸ਼ਮਣ ਦੇ ਹੱਥਾਂ ਵਿੱਚ ਜਾਣ ਤੋਂ ਬਚਾਇਆ ਅਤੇ ਖੁਸਰੋ ਨੂੰ ਮੌਤ ਦੀ ਸਜ਼ਾ ਦਿੱਤੀ।

## ਚੰਦੂਲਾਲ ਦੀਆਂ ਅਫਵਾਹਾਂ ਦਾ ਜੁਆਬ

ਸ਼ਰਬਤ ਲਿਆਈ ਅਤੇ ਬੇਨਤੀ ਕੀਤੀ ਕਿ ਗੁਰੂਜੀ ਉਸ ਵੱਲੋਂ ਤਿਆਰ ਕੀਤਾ ਸ਼ਰਬਤ ਗ੍ਰਹਿਣ ਕਰ ਲੈਣ। ਗੁਰੂਜੀ ਨੇ ਉਸਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਉਹ ਜਲ ਸਵੀਕਾਰ ਨਹੀਂ ਕਰਦ ਸਕਦੇ, ਕਿਉਂਕਿ ਸੰਗਤ ਦਾ ਹੁਕਮ ਨਹੀਂ। ਤਦ ਉਸਨੇ ਗੁਰੂਚਰਨਾਂ ਵਿੱਚ ਪ੍ਰਾਰਥਨਾ ਕੀਤੀ ਕਿ ਉਹ ਉਦੋਂ ਤੱਕ ਭੋਜਨ ਅਤੇ ਜਲ ਗ੍ਰਹਿਣ ਨਹੀਂ ਕਰੇਗੀ, ਜਦੋਂ ਤੱਕ ਗੁਰੂਜੀ ਉਸ ਤੋਂ ਅੰਨ-ਜਲ ਗ੍ਰਹਿਣ ਨਹੀਂ ਕਰਦੇ। ਉਹ ਭੁੱਖੀ ਪਿਆਸੀ ਮਰ ਜਾਵੇਗੀ ਪਰ ਗੁਰੂਜੀ ਨੂੰ ਭੋਜਨ ਛਕਾਏ ਬਿਨ੍ਹਾਂ ਆਪਣਾ ਵਰਤ ਨਹੀਂ ਤੋੜੇਗੀ।

ਚੰਦੂਦੀ ਨੂੰਹ ਨੇ ਆਪਣੀ ਪ੍ਰਤਿੱਗਿਆ ਪੂਰੀ ਕੀਤੀ ਅਤੇ ਭੁੱਖੀ-ਪਿਆਸੀ ਨੇ ਬੇਸੁਰਤੀ ਦੀ ਹਾਲਤ ਵਿੱਚ ਪ੍ਰਾਣ ਤਿਆਗ ਦਿੱਤੇ।

ਇਹ ਸੱਚ ਹੈ ਕਿ ਜਦੋਂ ਗੁਰੂਜੀ ਨੂੰ ਤਸੀਹੇ ਦਿੱਤੇ ਜਾ ਰਹੇ ਸਨ, ਤਦ ਚੰਦੂਦੀ ਨੂੰਹ ਦੀ ਮੌਤ ਹੋ ਚੁੱਕੀ ਸੀ। ਉਸਦੇ ਘਰ ਮਾਤਮ ਛਾਇਆ ਹੋਇਆ ਸੀ। ਉਹ ਆਪਣੀ ਨੂੰਹ ਦੇ ਅੰਤਿਮ ਸਸਕਾਰ ਦੀ ਤਿਆਰੀ ਵਿੱਚ ਲੱਗਿਆ ਹੋਇਆ ਸੀ।

1. ਇਸ ਤੋਂ ਸਪਸ਼ਟ ਹੈ ਕਿ ਉਹ (ਚੰਦੂ) ਆਪਣੇ ਘਰ ਵਿੱਚ ਸੀ। ਜਿੱਥੇ ਦੁਸ਼ਟ ਮੰਡਲੀ ਗੁਰੂਜੀ ਨੂੰ ਕਸ਼ਟ ਦੇ ਰਹੀ ਸੀ, ਉਹ ਉਥੇ ਨਹੀਂ ਸੀ।

2. ਚੰਦੂਵਿੱਤ-ਮੰਤਰਾਲੇ ਵਿੱਚ ਇੱਕ ਅਧਿਕਾਰੀ ਸੀ, ਨਾ ਕਿ ਕੋਈ ਕਿਲ੍ਹੇਦਾਰ, ਕੋਤਵਾਲ, ਜੇਲ੍ਹਰ ਜਾਂ ਜਲਾਦ ਆਦਿ। ਹੁਣ ਪ੍ਰਸ਼ਨ ਉਠਦਾ ਹੈ ਕਿ ਉਸਦੀ ਗੁਰੂਦੇਵ ਦੀ ਹੱਤਿਆ ਦੀ ਡਿਊਟੀ ਕਿਵੇਂ ਲਗਾਈ ਜਾ ਸਕਦੀ ਹੈ?

3. ਕਾਜੀ ਨੇ ਗੁਰੂਦੇਵ ਨੂੰ ਯਾਸਾ (ਇਸਲਾਮੀ ਕਾਨੂੰਨ) ਦੇ ਤਹਿਤ ਮੌਤ ਦੀ ਸਜ਼ਾ ਦੇ ਕੇ ਗਾਂ ਦੇ ਚਮੜੇ ਵਿੱਚ ਮੜ੍ਹ ਕੇ ਮਾਰ ਦੇਣ ਦਾ ਆਦੇਸ਼ ਦਿੱਤਾ ਸੀ। ਕੀ ਇਹ ਕੰਮ ਕਿਸੇ ਹਿੰਦੂਵਿਅਕਤੀ ਦੁਆਰਾ ਕਰਵਾਇਆ ਜਾ ਸਕਦਾ ਹੈ? ਦੁਸ਼ਟ ਜੁੰਡਲੀ ਦਾ ਮੁੱਖ ਉਦੇਸ਼ ਗੁਰੂਦੇਵ ਜੀ ਨੂੰ ਇਸਲਾਮ ਕਬੂਲ ਕਰਵਾਉਣਾ ਸੀ, ਜਦ ਕਿ ਚੰਦੂਖੁਦ ਇੱਕ ਕੱਟੜ ਹਿੰਦੂਵਿਅਕਤੀ ਸੀ।

4. ਦੁਸ਼ਟ ਜੁੰਡਲੀ ਜਾਣਦੀ ਸੀ ਕਿ ਚੰਦੂਗੁਰੂਜੀ ਨਾਲ ਵਿਗੜੇ ਹੋਏ ਸਬੰਧ ਸੁਧਾਰਨ ਲਈ ਇੱਕ ਲੱਖ ਰੁਪਏ ਦੰਡ ਦੇਣ ਨੂੰ ਵੀ ਤਿਆਰ ਹੈ, ਉਹ ਗੁਰੂਜੀ ਨਾਲ ਕੁੜਮਚਾਰੀ ਜਿਹੇ ਸੁਖਾਵੇਂ ਸਬੰਧ ਸਥਾਪਿਤ ਕਰਨਾ ਚਾਹੁੰਦਾ ਹੈ। ਜਦ ਕਿ ਦੁਸ਼ਟ ਲੋਕ ਗੁਰੂਜੀ ਨੂੰ ਤਸੀਹੇ ਦੇ ਕੇ ਚੰਦੂਦੀ ਵਿਚਾਰੇਧਾਰਾ ਦੇ ਵਿਰੁੱਧ ਇਸਲਾਮ ਮੱਤ ਵਿੱਚ ਲਿਆਉਣਾ ਚਾਹੁੰਦੇ ਸਨ। ਹੁਣ ਵਿਚਾਰਨ ਵਾਲਾ ਵਿਸ਼ਾ ਇਹ ਹੈ ਕਿ ਅਜਿਹੇ ਮੌਕੇ ਉਹ ਲੋਕ ਚੰਦੂਜਿਹੇ ਹਿੰਦੂਤੇ ਕਿਵੇਂ ਭਰੋਸਾ ਕਰ ਸਕਦੇ ਸਨ ਕਿ ਉਹ ਇਸ ਦੁਸ਼ਟ ਕੰਮ ਵਿੱਚ ਸਹਿਯੋਗ ਦੇਵੇਗਾ?

5. ਜੇ ਅਸੀਂ ਗੁਰੂਜੀ ਦੀ ਅਮਰ ਸ਼ਹਾਦਤ ਨੂੰ ਚੰਦੂਦੀ ਘਰੇਲੂਦੁਸ਼ਮਣੀ ਨਾਲ ਜੋੜਦੇ ਹਾਂ, ਤਾਂ ਉਹ ਸ਼ਹੀਦੀ ਦੀ ਪਰਿਭਾਸ਼ਾ ਤੋਂ ਦੂਰ ਇੱਕ ਹੱਤਿਆਕਾਂਡ ਬਣ ਜਾਂਦਾ ਹੈ।

6. ਸਾਜ਼ਿਸ (ਯੜਯੰਤਰ) ਇਸੇ ਨੂੰਕਹਿੰਦੇ ਹਨ ਜਿੱਥੇ ਦੁਸ਼ਟ ਮੰਡਲੀਆਂ ਆਪਣੀਆਂ ਕਰਤੂਤਾਂ ਨੂੰ ਦੂਸਰਿਆਂ ਦੇ ਸਿਰ ਤੇ ਮੜ੍ਹ ਕੇ ਖੁਦ ਦੋਸ਼ਾਂ ਤੋਂ ਬਚਣਾ, ਅਰਥਾਤ ਚੰਦੂਨੂੰ ਝਾਂਸਾ ਦੇ ਕੇ ਬੇਵਕੂਫ ਬਣਾਇਆ ਅਤੇ ਉਸਦੇ ਮੂੰਹੋਂ ਅਖਵਾਇਆ ਕਿ ਗੁਰੂਜੀ ਨੇ ਇਸ਼ਨਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ। ਇਸ ਲਈ ਉਹ ਉਥੇ ਗਏ ਅਤੇ ਫਿਰ ਵਾਪਸ ਨਹੀਂ ਆਏ। ਇਸ ਤਰ੍ਹਾਂ ਭੋਲੇਪਨ ਵਿੱਚ ਲੋਕਾਂ ਨੇ ਗੁਰੂਜੀ ਦੀ ਦਰਦਨਾਕ ਹੱਤਿਆ ਦੇ ਮੁੱਖ ਦੋਸ਼ੀ ਦੇ ਰੂਪ ਵਿੱਚ ਚੰਦੂਨੂੰ ਦੋਸ਼ੀ ਮੰਨ ਲਿਆ, ਜਦ ਕਿ ਉਸ ਹੱਤਿਆ ਕਾਂਡ ਦੇ ਸਮੇਂ ਉਹ ਉਥੇ ਹੈ ਹੀ ਨਹੀਂ ਸੀ।

7. ਪੰਜਾਬੀ ਸਭਿਆਚਾਰ ਵਿੱਚ ਕਦੇ ਅਜਿਹਾ ਨਹੀਂ ਹੋਇਆ ਕਿ ਕਿਸੇ ਵਿਅਕਤੀ ਨੇ ਰਿਸ਼ਤਾ ਟੁੱਟਣ ਤੇ ਦੂਜੀ ਧਿਰ ਦੀ ਹੱਤਿਆ ਕਰ ਦਿੱਤੀ ਹੋਵੇ, ਬਲਕਿ ਲੜਕੀ ਵਾਲੇ ਸਵੈ- ਅਭਿਮਾਨ ਨਾਲ ਇਹ ਕਹਿੰਦੇ ਸੁਣੇ ਤੇ ਦੇਖੇ ਗਏ ਹਨ ਕਿ ਸਾਡੀ ਬੇਟੀ ਕਿਹੜੀ ਬੁੱਢੀ ਹੋ ਚੱਲੀ ਹੈ। ਉਸਦੇ ਲਈ ਲੜਕਿਆਂ ਦੀ ਕੋਈ ਕਮੀ ਨਹੀਂ ਆਦਿ।

## ਸਮਰਾਟ ਅਕਬਰ ਅਤੇ ਆਦਿ ਗ੍ਰੰਥ ਸਾਹਿਬ ਦੀ ਬੀੜ (ਪੋਥੀ)

1. ਮੁਗਲ ਇਤਿਹਾਸ ਗਵਾਹ ਹੈ ਕਿ ਬਾਦਸ਼ਾਹ ਅਕਬਰ ਸੰਨ 1598 ਈਸਵੀ ਉਪਰੰਤ ਪੰਜਾਬ ਵਾਪਸ ਨਹੀਂ ਆਇਆ, ਅਕਤੂਬਰ ਸੰਨ 1605 ਵਿੱਚ ਲੰਬੀ ਬਿਮਾਰੀ ਭੋਗਣ ਉਪਰੰਤ ਉਸਦਾ ਦੇਹਾਂਤ ਹੋ ਗਿਆ। ਜਦ ਕਿ ਸ੍ਰੀ

ਗੁਰੂਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਸੰਨ 1604 ਈਸਵੀ ਵਿੱਚ ਇੱਕ ਸਤੰਬਰ ਨੂੰ ਸੰਪੂਰਨ ਕੀਤੀ। ਇਸ ਦਾ ਅਰਥ ਇਹ ਹੈ ਕਿ ਬਟਾਲੇ ਵਿਖੇ ਆਦਿ ਗ੍ਰੰਥ ਸਾਹਿਬ ਨੂੰ ਅਕਬਰ ਦੁਆਰਾ ਚੈਕ ਕਰਨਾ, ਨਿਰਾਧਾਰ, ਮਨੋ-ਕਲਪਿਤ ਅਤੇ ਝੂਠੀ ਕਹਾਣੀ ਹੈ। ਕਿਉਂਕਿ ਅਕਬਰ ਆਦਿ ਗ੍ਰੰਥ ਦੀ ਸੰਪਾਦਨਾ ਦੇ ਬਾਅਦ ਪੰਜਾਬ ਆਇਆ ਹੀ ਨਹੀਂ।

2. ਦੋਖੀ ਜਾਣਦੇ ਸਨ ਕਿ ਅਕਬਰ ਗੁਰੂਨਾਨਕ ਦੇਵ ਜੀ ਦੀ ਗੱਦੀ ਤੇ ਉਤਰਾਧਿਕਾਰੀਆਂ ਤੇ ਅਥਾਹ ਸ਼ਰਧਾ ਰੱਖਦਾ ਹੈ। ਇਸ ਲਈ ਉਸ ਕੋਲ ਗੁਰੂਅਰਜਨ ਦੇਵ ਜੀ ਤੇ ਦੋਸ਼ ਲਾਉਣਾ ਵਿਅਰਥ ਹੈ, ਕਿਉਂਕਿ ਇੱਕ ਵਾਰ ਪਹਿਲਾਂ ਅਜਿਹਾ ਕਰਕੇ ਉਹ ਹਾਰ ਚੁੱਕੇ ਸਨ।

## ਪੰਜਾਬ ਦਾ ਰਾਜਪਾਲ ਮੁਰਤਜਾ ਖਾਨ

ਮੁਰਤਜਾ ਖਾਨ ਲਾਹੌਰ ਦਾ ਕਾਫੀ ਲੰਬੇ ਸਮੇਂ ਤੋਂ ਰਾਜਪਾਲ ਚਲਿਆ ਆ ਰਿਹਾ ਸੀ। ਉਨ੍ਹਾਂ ਦਿਨਾਂ ਵਿੱਚ ਪੰਜਾਬ ਦੀ ਰਾਜਧਾਨੀ ਲਾਹੌਰ ਨਗਰ ਸੀ। ਸਮਰਾਟ ਅਕਬਰ ਦੇ ਸ਼ਾਸਨ ਕਾਲ ਵਿੱਚ ਜਦੋ ਲਾਹੌਰ ਵਿੱਚ ਕਾਲ ਪੈ ਗਿਆ ਸੀ ਅਤੇ ਸਮੇਂ-ਸਮੇਂ ਤੇ ਚੇਚਕ, ਹੈਜ਼ਾ, ਪਲੇਗ, ਗਿਲਟੀ, ਤਾਪ ਆਦਿ ਬਿਮਾਰੀਆਂ ਕਾਰਨ ਬਹੁਤ ਜਾਨੀ ਨੁਕਸਾਨ ਹੋਇਆ ਤਾਂ ਉਸ ਸਮੇਂ ਸ੍ਰੀ ਗੁਰੂਅਰਜਨ ਦੇਵ ਜੀ ਨੇ ਜਨਤਾ ਦੀ ਬਿਨ੍ਹਾਂ ਕਿਸੇ ਭੇਦ-ਭਾਵ ਦੇ ਨਿਰਪੱਖ ਰੂਪ ਵਿੱਚ ਕੀਤੀ ਨਿਸ਼ਕਾਮ ਸੇਵਾ ਮੁਰਤਜਾ ਖਾਨ ਦੇਖ ਰਿਹਾ ਸੀ। ਗੁਰੂਜੀ ਦਾ ਲੋਕਾਂ ਵਿੱਚ ਹਰਮਨ ਪਿਆਰਾ ਹੋਣਾ ਅਤੇ ਸਾਈਂ ਮੀਆਂ ਮੀਰ ਜੀ ਦੀ ਗੁਰੂਜੀ ਨਾਲ ਗੂੜੀ ਮਿੱਤਰਤਾ, ਉਸਤੋਂ ਛਿਪੀ ਨਹੀਂ ਸੀ। ਉਹ ਆਪਣੇ ਆਪ ਨੂੰਗੁਰੂਜੀ ਦਾ ਰਿਣੀ ਮੰਨਦਾ ਸੀ। ਕਿਉਂਕਿ ਕਾਲ ਪੈਣ ਸਮੇਂ ਗੁਰੂਜੀ ਨੇ ਸਮਰਾਟ ਅਕਬਰ ਤੋਂ ਕਿਸਾਨਾਂ ਵੱਲੋਂ ਸੁਝਾਅ ਦੇ ਕੇ ਉਨ੍ਹਾਂ ਦਾ ਲਗਾਨ ਮੁਆਫ ਕਰਵਾ ਦਿੱਤਾ ਸੀ, ਜੋ ਕਿ ਰਾਜਪਾਲ ਨੂੰ ਕਰਵਾਉਣਾ ਚਾਹੀਦਾ ਸੀ। ਇਸ ਤਰ੍ਹਾਂ ਉਹ ਗੁਰੂਜੀ ਦੇ ਪ੍ਰਸ਼ੰਸਕਾਂ ਵਿੱਚ ਸੀ, ਨਾ ਕਿ ਵਿਰੋਧੀਆਂ ਵਿੱਚ।ਓਹ ਨਖਸ਼ਬੰਦੀ ਸੰਪਰਦਾਇ ਦੇ ਪੀਰ ਸ਼ੇਖ ਅਹਿਮਦ ਸਰਹਿੰਦੀ ਨਾਲ ਬਿਲਕੁਲ ਸਹਿਮਤ ਨਹੀਂ ਸੀ, ਇਸ ਲਈ 'ਤੁਜ਼ਕਿ ਜਹਾਂਗੀਰੀ' ਨਾਮਕ ਰੋਜ਼ਨਾਮਚੇ ਵਾਲੀ ਇਬਾਰਤ, ਜੋ ਕਿ ਗੁਰੂਜੀ ਦੇ ਲਈ ਚਾਰਜਸ਼ੀਟ ਦੇ ਰੂਪ ਵਿੱਚ ਸੀ। ਉਸਦੇ ਦੂਜੇ ਭਾਗ ਨੂੰ ਅਸਲ ਵਿੱਚ ਨਹੀਂ ਲਿਆਂਦਾ, ਜਿਸ ਵਿੱਚ ਲਿਖਿਆ ਸੀ ਕਿ "ਅਰਜਨ ਦੇਵ ਦਾ ਧਨ ਤੇ ਜਾਇਦਾਦ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸਦੇ ਘਰ ਘਾਟ ਅਤੇ ਬੱਚਿਆਂ ਨੂੰ ਮੁਰਤਜਾ ਖਾਨ ਦੇ ਹਵਾਲੇ ਕੀਤਾ ਜਾਵੇ।" ਅਸਲ ਵਿੱਚ ਉਸਨੂੰ ਬਾਦਸ਼ਾਹ ਨੇ ਅਜਿਹਾ ਕੋਈ ਆਦੇਸ਼ ਨਹੀਂ ਦਿੱਤਾ ਸੀ। ਦੂਜਾ ਉਹ ਗੁਰੂਜੀ ਨੂੰ ਕਿਸੇ ਵੀ ਰੂਪ ਵਿੱਚ ਅਪਰਾਧੀ ਨਹੀਂ ਮੰਨਦਾ ਸੀ। ਇਸ ਲਈ ਉਹ ਦੁਸ਼ਟਾਂ ਦੇ ਆਦੇਸ਼ ਦਾ ਪਾਲਣ ਕਰਨ ਵਿੱਚ ਟਾਲ-ਮਟੋਲ ਕਰਦਾ ਰਿਹਾ।

ਇੱਥੇ ਇੱਕ ਗੱਲ ਬਹੁਤ ਧਿਆਨ ਦੇਣ ਯੋਗ ਹੈ ਕਿ ਸ਼ੇਖ ਫਰੀਦ ਬੁਖਾਰੀ ਅਤੇ ਮੁਰਤਜਾ ਖਾਨ ਜੋ ਅਲੱਗ-ਅਲੱਗ ਵਿਅਕਤੀ ਹੋਏ ਹਨ ਅਰਥਾਤ ਇਹ ਦੋ ਨਾਮ ਅਲੱਗ-ਅਲੱਗ ਦੋ ਵਿਅਕਤੀਆਂ ਦੇ ਹਨ। ਸ਼ੇਖ ਫਰੀਦ ਬੁਖਾਰੀ ਬਾਦਸ਼ਾਹ ਜਹਾਂਗੀਰ ਦਾ ਸੈਨਾਪਤੀ ਸੀ ਜਦ ਕਿ ਮੁਰਤਜਾ ਖਾਨ ਉਨ੍ਹਾਂ ਦਿਨਾਂ ਵਿੱਚ ਪੰਜਾਬ ਪ੍ਰਾਂਤ ਦਾ ਰਾਜਪਾਲ ਸੀ।

ਜਿਵੇਂ ਕਿ ਕੁਝ ਇਤਿਹਾਸਕਾਰਾਂ ਨੇ ਟਪਲਾ ਖਾਧਾ ਹੈ ਕਿ ਸ਼ੇਖ ਫਰੀਦ ਬੁਖਾਰੀ ਨੂੰ ਬਾਦਸ਼ਾਹ ਨੇ ਤਖਲਸ ਦੇ ਕੇ ਨਵਾਂ ਨਾਮ ਮੁਰਤਜਾ ਦਿੱਤਾ ਸੀ। ਅਸਲ ਵਿੱਚ ਇਹ ਕੋਰੀ ਜਿਵੇਂ ਹਿੰਦੂਆਂ ਵਿੱਚ ਬ੍ਰਾਹਮਣ। ਸ਼ੇਖ ਫਰੀਦ ਬੁਖਾਰੀ ਇੱਕ ਪੂਰਾ ਅਤੇ ਮਾਣਯੋਗ ਨਾਂ ਹੈ। ਠੀਕ ਇਸੇ ਤਰ੍ਹਾਂ ਮੁਰਤਜਾ ਖਾਨ ਵੀ ਆਪਣੇ ਆਪ ਵਿੱਚ ਮੁਕੰਮਲ ਤੇ ਮਾਣਯੋਗ ਨਾਂ ਹੈ। ਫਿਰ ਕੀ ਜ਼ਰੂਰਤ ਆ ਪਈ ਕਿ ਇੱਕ ਤਖਲੁਸ ਬਦਲੇ, ਇੱਕ ਸੰਪੂਰਨ ਸ਼ਖਸੀਅਤ ਵਾਲਾ ਮਨੁੱਖ ਆਪਣਾ ਪੂਰਾ ਨਾ ਹੀ ਬਦਲ ਲਵੇ।

## ਸ਼ੇਖ ਫਰੀਦ ਬੁਖਾਰੀ

ਸ਼ੇਖ ਫਰੀਦ ਬੁਖਾਰੀ ਅਕਬਰ ਦੇ ਸ਼ਾਸਨ ਕਾਲ ਵਿੱਚ ਹੀ ਇੱਕ ਵਰਿਸ਼ਟ ਸ਼ੈਨਿਕ ਅਧਿਕਾਰੀ ਸੀ। ਉਸ ਸਮੇਂ ਕੇਂਦਰੀ ਸੈਨਾ ਨਾਲ ਉਸਦਾ ਸਿੱਧਾ ਸਬੰਧ ਹੋਣ ਕਰਕੇ ਸਲੀਮ (ਜਹਾਂਗੀਰ) ਨੇ ਤਖਤ ਦੀ ਪ੍ਰਾਪਤੀ ਲਈ ਇਸ ਵੱਲ ਦੋਸਤੀ ਦਾ ਹੱਥ ਵਧਾਇਆ। ਇਸਨੇ ਸਲੀਮ ਨੂੰ ਸੁਝਾਅ ਦਿੱਤਾ ਕਿ ਸਿਰਫ ਸੈਨਿਕ ਸ਼ਕਤੀ ਨਾਲ ਤਖਤ ਪ੍ਰਾਪਤੀ ਸੰਭਵ ਨਹੀਂ। ਇਸ ਦੇ ਇਲਾਵਾ ਸਲੀਮ ਨੂੰ ਜਨਤਾ ਵਿੱਚ ਆਪਣਾ ਅਸਰ-ਰਸੂਖ ਵੀ ਵਧਾਉਣਾ ਚਾਹੀਦਾ ਹੈ। ਜਿਉਂ ਹੀ ਉਹ ਜਨਤਾ ਵਿੱਚ ਹਰਮਨ ਪਿਆਰਾ ਹੋਵੇਗਾ, ਤਖਤ ਦੀ ਪ੍ਰਾਪਤੀ ਅਸਾਨ ਹੋ ਜਾਵੇਗੀ। ਇਸ ਕੰਮ ਨੂੰ ਕਰਨ ਲਈ ਉਸਨੇ ਆਪਣੇ ਪੀਰ ਸ਼ੇਖ ਅਹਿਮਦ ਸਰਹਿੰਦੀ ਦਾ ਉਸਦਾ ਮੇਲ ਕਰਵਾਇਆ। ਹੁਣ ਦੋਹਾਂ ਸ਼ੇਖਾਂ ਨੇ ਰਲ ਕੇ ਸਲੀਮ ਨੂੰ ਉਨ੍ਹਾਂ ਨਾਲ ਇੱਕ ਗੁਪਤ ਸੰਧੀ ਕਰਨ ਲਈ ਕਿਹਾ ਇਸ ਸਬੰਧੀ ਦੇ ਤਹਿਤ ਸ਼ੇਖ ਅਹਿਮਦ ਸਰਹਿੰਦੀ ਆਪਣੀ ਪੀਰੀ-ਫਕੀਰੀ ਦੇ ਅਸਰ ਰਸੂਖ ਦੀ ਵਰਤੋਂ ਕਰਕੇ ਉਸਨੂੰ ਤਖਤ ਦਿਲਵਾ ਦੇਵੇਗਾ। ਇਸ ਦੇ ਬਦਲੇ ਵਿੱਚ ਸੱਤਾ (ਤਾਕਤ) ਪ੍ਰਾਪਤੀ ਤੋਂ ਬਾਅਦ ਉਹ (ਸਲੀਮ) ਉਨ੍ਹਾਂ ਦੇ ਇਸਲਾਮ ਤੇ ਪ੍ਰਚਾਰ ਤੇ ਪ੍ਰਸਾਰ ਲਈ ਪ੍ਰਸ਼ਾਸਨਿਕ ਸਹਾਇਤਾ ਦੇਵੇਗਾ।

ਸ਼ੇਖ ਫਰੀਦ ਬੁਖਾਰੀ ਨੇ ਹੀ ਖੁਸਰੋ ਦੀ ਬਗਾਵਤ ਨੂੰ ਕੁਚਲ ਕੇ ਲਾਹੌਰ ਨਗਰ ਦੇ ਕਿਲ੍ਹੇ ਨੂੰ ਦੁਸ਼ਮਣ ਦੇ ਹੱਥਾਂ ਵਿੱਚ ਜਾਣ ਤੋਂ ਬਚਾਇਆ ਅਤੇ ਖੁਸਰੋ ਨੂੰ ਮੌਤ ਦੀ ਸਜ਼ਾ ਦਿੱਤੀ।

## ਚੰਦੂਲਾਲ ਦੀਆਂ ਅਫਵਾਹਾਂ ਦਾ ਜੁਆਬ

1. ਇਹ ਤਾਂ ਸਚਾਈ ਹੈ ਕਿ ਸ੍ਰੀ ਗੁਰੂਅਰਜਨ ਦੇਵ ਜੀ ਨੇ ਚੰਦੂਲਾਲ ਦੇ ਘਰ ਅੰਨ-ਜਲ ਗ੍ਰਹਿਣ ਨਹੀਂ ਕੀਤਾ ਉਹ ਸ਼ਾਹੀ ਕਿਲ੍ਹੇ ਵਿੱਚ ਲਿਆਉਣ ਸਮੇਂ ਪੂਰੀ ਤਰ੍ਹਾਂ ਭੁੱਖੇ ਤੇ ਪਿਆਸੇ ਸਨ। ਚੰਦੂਲਾਲ ਦੀ ਨੂੰਹ ਨੇ ਗੁਰੂਜੀ ਦੁਆਰਾ ਉਸਦੇ ਘਰ ਦਾ ਅੰਨ ਜਲ ਗ੍ਰਹਿਣ ਨਾ ਕਰਨ ਕਰਕੇ ਗੁਰੂਜੀ ਤੇ ਦਬਾਓ ਪਾਉਣ ਲਈ ਉਨ੍ਹਾਂ ਦੇ ਸਾਹਮਣੇ ਪ੍ਰਤਿਗਿਆ ਲੈ ਲਈ ਸੀ ਕਿ ''ਹੇ ਗੁਰੂਦੇਵ ਜਦੋਂ ਤੱਕ ਤੁਸੀਂ ਭੋਜਨ ਤੇ ਜਲ ਗ੍ਰਹਿਣ ਨਹੀਂ ਕਰੋਗੇ, ਉਦੋਂ ਤੱਕ ਮੈਂ ਵੀ ਮੂੰਹ ਜੂਠਾ ਨਹੀਂ ਕਰਾਂਗੀ।ਕਿਉਂਕਿ ਉਹ ਆਪ ਜੀ ਦੇ ਸਿੱਖ ਦੀ ਪੁੱਤਰੀ ਹੈ। ਉਹ ਪਿਆਸੀ ਰਹਿ ਕੇ ਪ੍ਰਾਣ ਦਾ ਤਿਆਗ ਕਰ ਸਕਦੀ ਹੈ ਪਰ ਆਪਣੇ ਗੁਰੂਜੀ ਨੂੰਅੰਨ-ਜਲ ਛਕਾਏ ਬਿਨ੍ਹਾਂ ਆਪਣੇ ਆਪ ਪਹਿਲਾਂ ਅੰਨ-ਜਲ ਕਿਵੇਂ ਗ੍ਰਹਿਣ ਕਰ ਸਕਦੀ ਹੈ? ਇਸ ਤਰ੍ਹਾਂ ਚੰਦੂਦੀ ਨੂੰਹ ਨੇ ਭੁੱਖੀ-ਪਿਆਸੀ ਰਹਿ ਕੇ ਪ੍ਰਤਿੱਗਿਆ ਪੂਰੀ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ।ਇਤਿਹਾਸਕਾਰਾਂ ਅਨੁਸਾਰ ਇਨ੍ਹਾਂ ਦਿਨਾਂ ਵਿੱਚ ਲਾਹੌਰ ਨਗਰ ਵਿੱਚ ਅਤਿ

ਦੀ ਗਰਮੀ ਸੀ ਅਤੇ ਤਾਪਮਾਨ ਲਗਭਗ 45 ਡਿਗਰੀ ਸੀ। ਨੂੰਹ ਦੀ ਬੇਹੋਸ਼ੀ ਦੀ ਹਾਲਤ ਤੋਂ ਦੇਹਾਂਤ ਤੱਕ ਚੰਦੂਲਾਲ ਘਰ ਵਿੱਚ ਹੀ ਸੀ। ਉਸ ਦੀ ਮੌਤ ਦੇ ਬਾਅਦ ਉਸ ਦੇ ਘਰ ਵਿੱਚ ਮਾਤਮ ਛਾ ਗਿਆ। ਉਹ ਨੂੰਹ ਦੇ ਅੰਤਿਮ ਸਸਕਾਰ ਵਿੱਚ ਰੁਝਿਆ ਹੋਇਆ ਸੀ। ਇਸ ਲਈ ਕਿਲ੍ਹੇ ਵਿੱਚ ਉਸਦਾ ਜਲਾਦਾਂ ਦੇ ਨਾਲ ਹੋਣਾ ਬਿਲਕੁਲ ਝੂਠ ਹੈ

2. ਵਿਰੋਧੀ ਧਿਰ ਦਾ ਇੱਕੋ ਇੱਕ ਉਦੇਸ਼ ਗੁਰੂਜੀ ਨੂੰ ਇਸਲਾਮ ਕਬੂਲ ਕਰਵਾਉਣਾ ਸੀ, ਨਾ ਕਿ ਉਨ੍ਹਾਂ ਦੀ ਹੱਤਿਆ ਕਰਨਾ। ਜੇ ਉਹ ਉਨ੍ਹਾਂ ਦੀ ਹੱਤਿਆ ਕਰਨਾ ਚਾਹੁੰਦੇ ਤਾਂ ਕਾਜੀ ਦੁਆਰਾ ਦਿੱਤੇ ਗਏ ਫਤਵੇ ਅਨੁਸਾਰ ਉਹ ਗੁਰੂਜੀ ਨੂੰ ਗਊਦੀ ਖੱਲ ਵਿੱਚ ਮੜ੍ਹ ਕੇ ਮਾਰ ਸਕਦੇ ਸਨ। ਇਸ ਤਰ੍ਹਾਂ ਉਹ ਗੁਰੂਜੀ ਨੂੰ ਇਸਲਾਮ ਕਬੂਲ ਕਰਵਾਉਣ ਦੀ ਪ੍ਰਤੀ ਕਿਰਿਆ ਵਿੱਚ ਕਿਸੇ ਹਿੰਦੂਚੰਦੂਲਾਲ ਜਿਹੇ ਵਿਅਕਤੀ ਦੀ ਸਹਾਇਤਾ ਕਿਵੇਂ ਲੈ ਸਕਦੇ ਸਨ, ਜਿਹੜਾ ਕਿ ਖੁਦ ਗੁਰੂਜੀ ਨਾਲ ਕੁੜਮਚਾਰੀ ਵਰਗੇ ਚੰਗੇ ਸਬੰਧ ਸਥਾਪਿਤ ਕਰਨ ਲਈ ਇੱਕ ਲੱਖ ਰੁਪਿਆ ਦੰਡ ਦਾ ਜਮ੍ਹਾ ਕਰਵਾਉਣ ਲਈ ਤਿਆਰ ਸੀ। ਅਜਿਹੇ ਸ਼ੱਕੀ ਵਿਅਕਤੀ ਤੇ ਉਹ ਕਿਵੇਂ ਵਿਸ਼ਵਾਸ ਕਰ ਸਕਦੇ ਸਨ?

3. ਗਾਂ ਦੀ ਖੱਲ ਵਿੱਚ ਮੜ੍ਹ ਕੇ ਹੱਤਿਆ ਕਰਨ ਦਾ ਆਦੇਸ਼, ਯਾਸਾ ਅਤੇ ਸਿਆਸਤ ਦੇ ਕਾਨੂੰਨਾਂ ਦੇ ਅਨੁਸਾਰ ਦੰਡ ਦੇਣਾ ਜੋ ਕਿ ਇਸਲਾਮੀ ਕਾਨੂੰਨ ਹਨ, ਗੁਰੂਜੀ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰਨਾ, ਕੀ ਇਹ ਸਾਰੇ ਕੰਮ ਕਿਸੇ ਹਿੰਦੂਦੇ ਹੋ ਸਕਦੇ ਹਨ?

4 ਚੰਦੂਲਾਲ ਖਜਾਨਾ ਮੰਤਰਾਲੇ ਵਿੱਚ ਲਾਹੌਰ ਤੋਂ ਦਿੱਲੀ ਖਜਾਨਾ ਪਹੁੰਚਾਉਣ ਅਤੇ ਦੇਖਭਾਲ ਕਰਨ ਵਾਲਾ ਇੱਕ ਅਧਿਕਾਰੀ ਸੀ, ਨਾ ਕਿ ਕਿਲ੍ਹੇਦਾਰ, ਕੋਤਵਾਲ, ਜੇਲ੍ਹਰ ਅਤੇ ਜੱਲਾਦ ਆਦਿ। ਇਸ ਲਈ ਇਹ ਪ੍ਰਸ਼ਨ ਉਠਦਾ ਹੈ ਕਿ ਉਸਦੀ ਡਿਊਟੀ ਗੁਰੂਜੀ ਦੀ ਹੱਤਿਆ ਕਰਵਾਉਣ ਲਈ ਕਿਸ ਤਰ੍ਹਾਂ ਲਗਾਈ ਜਾ ਸਕਦੀ ਹੈ?

5. ਪੰਜਾਬੀ ਇਤਿਹਾਸ ਵਿੱਚ ਅਜਿਹਾ ਕਿਤੇ ਵੀ ਪੜ੍ਹਿਆ ਸੁਣਿਆ ਨਹੀਂ ਗਿਆ ਕਿ ਕਿਸੇ ਵਿਅਕਤੀ ਨੇ ਦੂਸਰੇ ਵਿਅਕਤੀ ਦੀ ਹੱਤਿਆ ਇਸ ਲਈ ਕਰ ਦਿੱਤੀ ਹੋਵੇ ਕਿ ਉਹ ਉਸਦਾ ਕੁੜਮ ਬਣਨਾ ਸਵੀਕਾਰ ਕਿਉਂ ਨਹੀਂ ਕਰਦਾ। ਇਹ ਪਵਿੱਤਰ ਰਿਸ਼ਤੇ ਆਪਸੀ ਪਿਆਰ ਤੇ ਅਧਾਰਿਤ ਹੁੰਦੇ ਹਨ, ਨਾ ਕਿ ਜ਼ੋਰ ਜਬਰਦਸਤੀ ਦੁਆਰਾ ਸਥਾਪਿਤ ਕੀਤੇ ਜਾ ਸਕਦੇ ਹਨ।

6. ਚੰਦੂਲਾਲ ਨੂੰ ਆਦਿ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਵਿਸ਼ੇ ਵਿੱਚ ਕੋਈ ਵਿਸੇਸ਼ ਗਿਆਨ ਨਹੀਂ ਸੀ ਕਿਉਂਕਿ ਗ੍ਰੰਥ ਸਾਹਿਬ ਦੀ ਸੰਪਾਦਨਾ ਨੂੰ ਕੇਵਲਡੇਢ ਸਾਲ ਹੀ ਹੋਇਆ ਸੀ। ਉਸ ਸਮੇਂ ਤੱਕ ਗ੍ਰੰਥ ਸਾਹਿਬ ਦੀ ਅਸਲੀ ਹੱਥ ਲਿਖਤ ਇੱਕ ਹੀ ਸੀ, ਉਸਦੀ ਨਕਲ ਅਥਵਾ ਹੋਰ ਉਤਾਰੇ ਅਜੇ ਨਹੀਂ ਹੋਏ ਸਨ। ਚੰਦੂਦੀ ਗ੍ਰੰਥ ਸਾਹਿਬ ਦੀ ਬਾਣੀ ਦੇ ਪ੍ਰਤੀ ਈਰਖਾ ਦਾ ਪ੍ਰਸ਼ਨ ਹੀ ਨਹੀਂ ਉਠਦਾ, ਕਿਉਂਕਿ ਉਹ ਖੁਦ ਹਿੰਦੂਸੀ। ਇਸ ਤਰ੍ਹਾਂ ਉਹ ਬਾਦਸ਼ਾਹ ਨੂੰ ਗ੍ਰੰਥ ਸਾਹਿਬ ਦੇ ਵਿਰੁੱਧ ਚੁਗਲੀ ਕਿਵੇਂ ਕਰ ਸਕਦਾ ਹੈ?

7. ਕੁਝ ਅਖੌਤੀ ਪ੍ਰਚਾਰਕ ਚੰਦੂਦੀ ਹਵੇਲੀ ਨੂੰ ਹੀ ਗੁਰੂਦੇਵ ਜੀ ਦੀ ਕਤਲ-ਜਗ੍ਹਾ ਦੇ ਰੂਪ ਵਿੱਚ ਆਪਣੇ ਪ੍ਰਸੰਗਾਂ ਅਤੇ ਚਲ-ਚਿੱਤਰਾਂ (ਫਿਲਮਾਂ) ਵਿੱਚ ਦਿਖਾਉਂਦੇ ਹਨ, ਜੋ ਕਿ ਕੋਰਾ ਝੂਠ ਹੈ। ਕਿਉਂਕਿ ਚੰਦੂਦੇ ਅਭਿਮਾਨ ਭਰੇ

ਸ਼ਬਦਾਂ ਨੂੰ ਗੁਰੂਘਰ ਦਾ ਘੋਰ ਅਪਮਾਨ ਜਾਣ ਕੇ ਉਸਦਾ ਸਮਾਜਿਕ ਬਾਈਕਾਟ ਹੋ ਚੁੱਕਿਆ ਸੀ ਤੇ ਉਸਦੀ ਪੁੱਤਰੀ ਦਾ ਰਿਸ਼ਤਾ ਲੈਣ ਨੂੰ ਕੋਈ ਤਿਆਰ ਨਹੀਂ ਸੀ, ਇਸ ਲਈ ਚਿੰਤਾਤੁਰ ਰਹਿਣ ਲੱਗ ਪਿਆ ਸੀ। ਤਦ ਉਹ ਗੁਰੁਦੇਵ ਜੀ ਨੂੰ ਬੇਨਤੀ ਕਰ ਰਿਹਾ ਸੀ ਕਿ ਉਸਦੀ ਗਲਤੀ ਨੂੰ ਮੁਆਫ ਕਰ ਦੇਣ। ਅਜਿਹੇ ਹਾਲਾਤ ਵਿੱਚ ਉਹ ਤਾਕਤ ਨਾਲ ਰਿਸ਼ਤਾ ਸਵਿਕਾਰ ਕਰਵਾਉਣ ਅਤੇ ਤਸੀਹੇ ਦੇਣ ਲਈ ਕਿਵੇਂ ਸੋਚ ਸਕਦਾ ਸੀ?

ਇਤਿਹਾਸ ਗਵਾਹ ਹੈ ਕਿ ਜਦੋਂ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਗੁਰੂਜੀ ਨਾਲ ਦੁਰ ਵਿਵਹਾਰ ਕੀਤਾ ਜਾ ਰਿਹਾ ਸੀ, ਤਦ ਸਾਈਂ ਮੀਆਂ ਮੀਰ ਜੀ ਦੀ ਅਗਵਾਈ ਵਿੱਚ ਉਥੋਂ ਦੇ ਸਾਰੇ ਨਗਰਵਾਸੀ ਜਿਨ੍ਹਾਂ ਵਿੱਚ ਸਾਰੇ ਵਰਗਾਂ ਦੇ ਲੋਕ ਸਨ, ਇੱਕ ਵਿਸ਼ਾਲ ਸਮੂਹ ਦੇ ਰੂਪ ਵਿੱਚ ਕਿਲ੍ਹੇ ਦੇ ਬਾਹਰ ਵਿਰੋਧ ਪ੍ਰਦਰਸ਼ਨ ਕਰ ਰਹੇ ਸਨ। ਐਨੀ ਵੱਡੀ ਸੰਖਿਆ ਵਿੱਚ ਸਥਾਨਕ ਜਨਤਾ ਨੂੰ ਵੇਖ ਕੇ ਸ਼ਾਹੀ ਕਿਲੇ ਦਾ ਕਿਲ੍ਹੇਦਾਰ ਭੈਭੀਤ ਹੋ ਗਿਆ। ਉਸਨੂੰ ਜਨਤਾ ਦੀ ਨਾਅਰੇਬਾਜ਼ੀ ਤੋ ਬਗਾਵਤ ਦੀ ਬੋ ਆ ਰਹੀ ਦਿਖਾਈ ਦੇ ਰਹੀ ਸੀ।

ਇਸ ਲਈ ਉਸਨੇ ਮਜ਼ਬੂਰ ਹੋ ਕੇ ਜਨਤਾ ਦੇ ਪ੍ਰਤਿਨਿਧੀ ਸਾਈ ਮੀਆਂ ਮੀਰ ਜੀ ਨੂੰ ਗੁਰੁਦੇਵ ਜੀ ਨਾਲ ਮਿਲਣ ਦੀ ਆਗਿਆ ਦੇ ਦਿੱਤੀ ।ਉਸਦਾ ਵਿਚਾਰ ਸੀ ਕਿ ਸਾਈ ਜੀ ਖੁਦ ਵੀ ਇਸਲਾਮ ਦਾ ਪ੍ਰਚਾਰ ਕਰਦੇ ਹਨ । ਜੇ ਉਹ ਗੁਰੂਦੇਵ (ਸ੍ਰੀ ਅਰਜਨ ਦੇਵ ਜੀ) ਨੂੰ ਇਸਲਾਮ ਕਬੂਲ ਕਰਨ ਦਾ ਦਬਾਅ ਪਾ ਰਹੇ ਹਨ, ਤਾਂ ਇਸ ਵਿਚ ਉਹ ਕੋਈ ਅਨਰਥ ਨਹੀ ਕਰ ਰਹੇ। ਹੁਣ ਤੁਸੀ ਕਲਪਨਾ ਕਰੋ ਕਿ ਜੇ ਚੰਦੂਗੁਰੂਜੀ ਨੂੰ ਆਪਣੀ ਹਵੇਲੀ ਵਿਚ ਤਸੀਹੇ ਦੇਂਦਾ, ਤਾਂ ਕੀ ਲਾਹੌਰ ਦੀ ਸਥਜਨਕ ਜਨਤਾ ਉਸ ਨੂੰ ਬਖਸ਼ ਦੇਂਦੀ? ਚੰਦੂਅਭਿਮਾਨੀ ਜਰੂਰ ਸੀ ਪਰ ਅਭਿਮਾਨੀ ਵਿਅਕਤੀ ਸਵੈ-ਅਭਿਮਾਨੀ ਵੀ ਹੁੰਦਾ ਹੈ। ਉਹ ਇਹ ਕਿਵੇਂ ਕਹਿ ਸਕਦਾ ਸੀ ਕਿ ਜੇ ਉਸ ਦੀ ਬੇਟੀ ਨੂੰ ਗੁਰੂਜੀ ਨੂੰਹ ਦੇ ਰੂਪ ਵਿਚ ਸਵੀਕਾਰ ਨਹੀਂ ਕਰਦੇ ਤਾਂ ਉਹ ਸ਼ਕਤੀ ਦੀ ਵਰਤੋਂ ਦੁਆਰਾ ਇਸ ਕੰਮ ਲਈ ਮਜ਼ਬੂਰ ਕਰ ਦੇਵੇਗਾ।

## ਰਾਜਕੁਮਾਰ ਸਲੀਮ ਉਰਫ ਸਮਰਾਟ ਜਹਾਂਗੀਰ ਦੀ ਸਖਸ਼ੀਅਤ

ਸਮਰਾਟ ਹਮਾਯੂੰ ਸ਼ੇਰਸ਼ਾਹ ਸੂਰੀ ਤੋਂ ਹਾਰ ਖਾ ਕੇ ਜਦ ਰਾਜਪੂਤਾਨੇ ਦੇ ਇਲਾਕੇ ਤੋਂ ਹੁੰਦਾ ਹੋਇਆ ਇਰਾਨ ਵਿਚ ਸ਼ਰਨ ਲੈਣ ਲਈ ਜਾ ਰਿਹਾ ਸੀ, ਤਦ ਉਸ ਨੂੰ ਰਾਜਪੂਤਾਂ ਨੇ ਘੇਰ ਲਿਆ ਪਰ ਉਸਨੇ ਰਾਜਪੂਤਾਂ ਦੇ ਸਾਹਮਣੇ ਗੋਡੇ ਟੇਕ ਕੇ ਉਨ੍ਹਾਂ ਤੋਂ ਸ਼ਰਨ ਮੰਗੀ, ਜੋ ਉਸ ਨੂੰ ਮਿਲ ਗਈ। ਆਪਣਾ ਪਰਿਵਾਰ ਉਹ ਉਥੇ ਹੀ ਛੱਡ ਕੇ ਇਰਾਨ ਆਪਣੇ ਸਹੁਰਿਆਂ ਤੋਂ ਸਹਾਇਤਾਂ ਪ੍ਰਾਪਤ ਕਰਨ ਲਈ ਚਲਾ ਗਿਆ ਇਸ ਸਮੇਂ ਦੌਰਾਨ ਹਮਾਯੂੰ ਦੀ ਪਤਨੀ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜੋ ਜਲਾਲੂਦੀਨ ਅਕਬਰ ਦੇ ਨਾਂ ਨਾਲ ਪ੍ਰਸਿੱਧ ਹੋਇਆ ।ਸਮਾਂ ਬੀਤਣ ਤੇ ਜਲਾਲੂਦੀਨ ਅਕਬਰ ਦਾ ਵਿਆਹ ਇਸੇ ਰਾਜਘਰਾਣੇ ਦੀ ਰਾਜਕੁਮਾਰੀ ਜੋਧਾਬਾਈ ਨਾਲ ਹੋਇਆ। ਇਸੇ ਮਹਾਰਾਣੀ ਦੀ ਕੁੱਖੋਂ ਰਾਜਕੁਮਾਰ ਸਲੀਮ ਪੈਦਾ ਹੋਇਆ ਜੋ ਅਕਬਰ ਤੋਂ ਬਾਅਦ ਉਸਦੇ ਉਤਰਾਧਿਕਾਰੀ ਦੇ ਰੂਪ ਵਿਚ ਸਮਰਾਟ ਜਹਾਂਗੀਰ ਨਾਮ ਧਾਰਣ ਕਰ ਕੇ ਸਿੰਘਾਸਨ ਤੇ ਬੈਠਿਆ।

ਰਾਜਕੁਮਾਰ ਸਲੀਮ (ਜਹਾਂਗੀਰ ) ਜਦੋਂ 12-13 ਸਾਲ ਦਾ ਹੋਇਆ ਤਾਂ ਉਸਨੂੰ ਸ਼ਰਾਬ ਪੀਣ ਦੀ ਬੁਰੀ

ਆਦਤ ਪੈ ਗਈ। ਬਹੁਤ ਸਮਝਾਉਣ ਦੇ ਬਾਵਜੂਦ ਵੀ ਉਹ ਇਸ ਆਦਤ ਤੋਂ ਛੁਟਕਾਰਾ ਨਾ ਪਾ ਸਕਿਆ ਤਾਂ ਉਸ ਦੇ ਪਿਤਾ ਬਾਦਸ਼ਾਹ ਅਕਬਰ ਨੇ ਉਸ ਨੂੰ ਉਸਦੇ ਨਾਨਕੇ ਰਾਜਪੂਤਾਨੇ ਭੇਜ ਦਿੱਤਾ। ਉਥੇ ਸ਼ਰਾਬ ਨਾਂ ਦੀ ਕੋਈ ਚੀਜ਼ਹੁੰਦੀ ਹੀ ਨਹੀਂ ਸੀ। ਜਦੋਂ ਉਸ ਨੂੰ ਵਾਪਸ ਬੁਲਾਇਆ ਗਿਆ ਤਾਂ ਉਸ ਦੀ ਉਮਰ ਲਗਭਗ 18-19 ਸਾਲ ਦੀ ਸੀ.। ਇਸ ਤਰ੍ਹਾਂ ਉਸ ਦਾ ਪਾਲਣ ਪੋਸ਼ਣ ਹਿੰਦੂਸੰਸਕਾਰਾਂ ਵਿਚ ਕੀਤਾ ਗਿਆ ਕਿਸ਼ੋਰ ਅਵਸਥਾ ਵਿਚ ਮਿਲੇ ਹੋਏ ਸੰਸਕਾਰ ਵਿਅਕਤੀ ਦੇ ਚਰਿੱਤਰ ਨਿਰਮਾਣ ਦੀ ਭੂਮਿਕਾ ਵਿਚ ਵਿਸ਼ੇਸ਼ ਸਥਾਨ ਰਖਦੇ ਹਨ ਅਤੇ ਜੀਵਨ ਭਰ ਉਸਦੇ ਸੁਭਾਅ ਦੇ ਅੰਗ ਦੇ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਰਹਿੰਦੇ ਹਨ।

ਅਕਬਰ ਦੇ ਪਿਛੋਕੜ ਦੇ ਕਾਰਣ ਉਹ ਇਕ ਬਹੁਤ ਉਦਾਰਵਾਦੀ ਧਰਮ ਨਿਰਪੱਖ ਸਖਸੀਅਤ ਵਾਲਾ ਸਮਰਾਟ ਸੀ। ਉਹ ਹਿੰਦੂਮੁਸਲਿਮ ਮਤਭੇਦਾਂ ਤੋਂ ਤੰਗ ਹੋਣ ਦੇ ਕਾਰਣ ਇੱਕ ਨਵੇਂ ਧਰਮ ਦੀ ਉਤਪਤੀ ਦੀ ਕਲਪਨਾ ਕਰ ਰਿਹਾ ਸੀ, ਜਿਸ ਦਾ ਪ੍ਰਚਾਰ ਕਰਨ ਦੀ ਉਸਨੇ ਅਸਫਲ ਕੋਸ਼ਿਸ਼ ਵੀ ਕੀਤੀ, ਇਸ ਧਰਮ ਦਾ ਨਾਮ ਉਸਨੇ ਦੀਨ-ਏ-ਇਲਾਹੀ ਰੱਖਿਆ। ਇਸ ਧਰਮ ਦੇ ਮੁੱਖ ਸਿਧਾਂਤਾਂ ਵਿਚ ਹਿੰਦੂਮੁਸਲਿਮ ਮਤਦੇਦਾਂ ਨੂੰ ਖਤਮ ਕਰਕੇ ਮਿਲਜੁਲ ਕੇ ਰਹਿਣ ਦੀ ਪ੍ਰੇਰਨਾ ਸੀ।

ਅਕਬਰ ਜਿਸ ਪ੍ਰਕਾਰ ਦੇ ਨਵੇਂ ਧਰਮ ਦੀਨ-ਏ-ਇਲਾਹੀ ਦੀ ਰੂਪ ਰੇਖਾ ਚਾਹੁੰਦਾ ਸੀ ਉਸਦਾ ਸਵਰੂਪ ਉਸ ਨੂੰ ਗੋਇੰਦਵਾਲ ਨਗਰ ਵਿੱਚ ਸ੍ਰੀ ਗੁਰੂਅਮਰਦਾਸ ਜੀ ਕੋਲ ਦ੍ਰਿਸ਼ਟੀਗੋਚਰ ਹੋਇਆ। ਤਦ ਉਹ ਗੁਰੂਜੀ ਦੇ ਅਧਿਆਤਮਵਾਦ ਤੋਂ ਬਹੁਤ ਪ੍ਰਭਾਵਿਤ ਹੋਇਆ ਉਸਨੇ ਗੁਰੂਜੀ ਨੂੰ ਕਿਹਾ "ਮੈਨੂੰ ਆਪਣਾ ਸੁਪਨਾ ਤੁਹਾਡੇ ਇੱਥੇ ਸਾਕਾਰ ਰੂਪ ਵਿੱਚ ਦਿਖਾਈ ਦੇ ਰਿਹਾ ਹੈ।ਇਸ ਲਈ ਮੈਂ ਇਸ ਕੰਮ ਵਿੱਚ ਤੁਹਾਡੀ ਸਹਾਇਤਾ ਕਰਨਾ ਚਾਹੁੰਦਾ ਹਾਂ।

ਤੁਸੀਂ ਮੇਰੀ ਪ੍ਰਾਥਨਾ ਸਵੀਕਾਰ ਕਰਦੇ ਹੋਏ, ਲੰਗਰ ਪ੍ਰਥਾ ਦੇ ਹੋਰ ਵਿਸਥਾਰ ਲਈ ਕੁਝ ਭੂਮੀ ਜਾਗੀਰ ਦੇ ਰੂਪ ਵਿੱਚ ਪ੍ਰਵਾਨ ਕਰ ਲਵੋ। ਪਰ ਗੁਰੂਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਹ ਕਾਰਜ ਰਾਜ ਦੇ ਖਜਾਨੇ ਨਾਲ ਨਹੀਂ ਬਲਕਿ ਸੰਗਤਾਂ ਦੁਆਰਾ ਦਿੱਤੇ ਗਏ ਦਸਵੰਧ ਨਾਲ ਹਮੇਸ਼ਾ ਚਲਦੇ ਹੀ ਰਹਿੰਦੇ ਹਨ।

ਉਪਰਲੀ ਘਟਨਾ ਕੋਈ ਮਾਮੂਲੀ ਨਹੀਂ ਸੀ ਜਿਸਦਾ ਗਿਆਨ ਬਾਦਸ਼ਾਹ ਦੇ ਵੱਡੇ ਪੁੱਤਰ ਨੂੰ ਨਾ ਹੁੰਦਾ। ਇਹ ਸਚਾਈ ਹੈ ਕਿ ਬਾਲਕ ਦੇ ਕੋਮਲ ਮਨ ਤੇ ਉਸਦੇ ਮਾਤਾ-ਪਿਤਾ ਦੇ ਆਚਰਣ ਦੀ ਗਹਿਰੀ ਛਾਪ ਹੁੰਦੀ ਹੈ, ਜਿਹੜੀ ਕਿ ਉਸਨੂੰ ਵਡੇਰਿਆਂ (ਪੁਰਖਿਆਂ) ਦੇ ਸੰਸਕਾਰਾਂ ਤੋਂ ਮਿਲਦੀ ਹੈ। ਇਸ ਨਾਲ ਬਾਲਕ ਦਾ ਚਰਿੱਤਰ ਨਿਰਮਾਣ ਹੁੰਦਾ ਹੈ। ਹੁਣ ਵਿਚਾਰਣ ਵਾਲੀ ਗੱਲ ਇਹ ਹੈ ਕਿ ਜਹਾਂਗੀਰ ਬਾਦਸ਼ਾਹ ਦੀ ਮਾਤਾ ਅਤੇ ਪੂਰਾ ਨਾਨਕਾ ਪਰਿਵਾਰ ਕੱਟੜ ਹਿੰਦੂਸੰਸਕਾਰਾਂ ਵਾਲੇ ਸਨ। ਰਾਜ ਦਰਬਾਰ ਵਿੱਚ ਵੀ ਬਹੁਤ ਸਾਰੇ ਹਿੰਦੂਦਰਬਾਰੀ ਸਨ, ਜਿਵੇਂ:- ਬੀਰਬਲ, ਤਾਨਸੈਨ, ਟੋਡਰਮੱਲ, ਮਾਨ ਸਿੰਘ ਆਦਿ। ਜਦ ਰਾਜ ਦਰਬਾਰ ਦੇ ਵਾਤਾਵਰਣ ਵਿੱਚ ਤੰਗ-ਦਿਲੀ ਨਹੀਂ ਸੀ। ਉਥੇ ਸਦਭਾਵਨਾ ਅਤੇ ਉਦਾਰਵਾਦੀ ਮਾਹੌਲ ਸੀ। ਇਸ ਪ੍ਰਕਾਰ ਦੇ ਵਾਤਾਵਰਣ ਵਿੱਚ ਵਿਚਰਨ ਵਾਲੇ ਬਾਲਕ ਦਾ ਮਨ ਕਿਸ ਤਰ੍ਹਾਂ ਕੱਟੜਵਾਦ ਦੇ ਜ਼ਹਿਰ ਨਾਲ ਭਰਿਆ ਹੋਇਆ ਹੋ ਸਕਦਾ ਹੈ। ਇੱਥੇ ਹੀ ਬਸ ਨਹੀਂ, ਜਹਾਂਗੀਰ ਨੇ ਆਪ ਚਾਰ ਵਿਆਹ ਹਿੰਦੂਰਾਜ ਕੁਮਾਰੀਆਂ ਨਾਲ ਕੀਤੇ ਸਨ। ਮਨੁੱਖ ਜੀਵਨ ਸਾਥੀ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ

ਰਹਿ ਸਕਦਾ। ਸ਼ਾਇਦ ਇਹੀ ਕਾਰਣ ਸੀ ਕਿ ਬਾਦਸ਼ਾਹ ਜਹਾਂਗੀਰ ਦੇ ਬੇਟੇ ਖੁਸਰੋ ਅਤੇ ਸ਼ਾਹਜਹਾਂ ਵੀ ਬਹੁਤ ਉਦਾਰਵਾਦੀ ਮੰਨੇ ਗਏ ਹਨ।

1. ਇਤਿਹਾਸ ਗਵਾਹ ਹੈ ਕਿ ਬਾਦਸ਼ਾਹ ਜਹਾਂਗੀਰ ਕੱਟੜ ਮੁਸਲਿਮ ਨਹੀਂ ਸੀ। ਸ਼ਰਾਬ-ਸ਼ਰ੍ਹਾ ਵਿਰੋਧੀ ਚੀਜਾਂ ਹਨ, ਜਦ ਕਿ ਜਹਾਂਗੀਰ ਨੂੰ ਸ਼ਰਾਬ ਦੀ ਬੁਰੀ ਆਦਤ ਸੀ।

2. ਇਤਿਹਾਸਕਾਰ ਜਹਾਂਗੀਰ ਨੂੰ ਨਿਆਂਕਾਰੀ ਬਾਦਸ਼ਾਹ ਮੰਨਦੇ ਹਨ। ਸਾਇਦ ਇਹੀ ਕਾਰਨ ਹੈ ਕਿ ਜਦ ਉਸਨੂੰ ਅਹਿਸਾਸ ਹੋਇਆ ਕਿ ਉਸ ਤੋਂ ਭਿਅੰਕਰ ਭੁੱਲ ਹੋਈਹੈ, ਚਾਪਲੂਸਾਂ ਨੇ ਉਸਨੂੰ ਜ਼ਾਲ-ਸਾਜ਼ੀ ਨਾਲ ਭਰਮਾ ਕੇ ਉਸ ਤੋਂ ਸ੍ਰੀ ਗੁਰੂਅਰਜਨ ਦੇਵ ਜੀ ਦੇ ਵਿਰੁੱਧ ਲੱਖ ਰੁਪਿਆ ਦੰਡ ਦੇ ਰੂਪ ਵਿੱਚ ਭਰਨ ਦਾ ਗਲਤ ਆਦੇਸ਼ ਜਾਰੀ ਕਰਵਾ ਦਿੱਤਾ ਹੈ। ਤਦ ਉਸਨੇ ਸਮਾਂ ਮਿਲਦੇ ਹੀ ਗੁਰੂਜੀ ਪਤਨੀ (ਮਾਤਾ) ਗੰਗਾ ਜੀ ਤੋਂ ਅਣਜਾਣੇ ਵਿੱਚ ਹੋਈ ਭੁੱਲ ਦੀ ਮੁਆਫੀ ਮੰਗੀ ਸੀ।

3. ਜਦ ਉਸਨੂੰ ਪਤਾ ਲੱਗਿਆ ਕਿ ਚੰਦੂਲਾਲ ਸ੍ਰੀ ਗੁਰੂਹਰਿਗੋਬਿੰਦ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿੱਚ ਕਿਲ੍ਹੇਦਾਰ ਦੁਆਰਾ ਹੱਤਿਆ ਕਰਵਾਉਣਾ ਚਾਹੁੰਦਾ ਸੀ, ਤਾਂ ਉਸਨੇ ਚੰਦੂਲਾਲ ਨੂੰ ਫੜ ਕੇ ਗੁਰੂਜੀ ਦੇ ਹਵਾਲੇ ਕਰ ਦਿੱਤਾ ਤੇ ਕਿਹਾ ਕਿ ਤੁਹਾਡੇ ਵਿਰੁੱਧ ਇਸਨੇ ਸਾਜਿਸ਼ ਰਚੀ ਸੀ, ਇਸ ਤਰ੍ਹਾਂ ਇਹ ਤੁਹਾਡਾ ਅਪਰਾਧੀ ਹੈ, ਤੁਸੀਂ ਇਸਨੂੰਇਸਲਾਮੀ ਕਾਨੂੰਨ ਦੇ ਅਨੁਸਾਰ ਸਜ਼ਾ ਦੇ ਸਕਦੇ ਹੋ।

4. ਇਤਿਹਾਸ ਗਵਾਹ ਹੈ ਕਿ ਬਾਦਸ਼ਾਹ ਜਹਾਂਗੀਰ ਨੇ ਆਪਣੇ ਸ਼ਾਸਨਕਾਲ ਵਿੱਚ ਕਿਸੇ ਵੀ ਹਿੰਦੂਨੂੰ ਉਸਦੇ ਹਿੰਦੂਹੋਣ ਦੇ ਕਾਰਨ ਦੰਡ ਨਹੀਂ ਦਿੱਤਾ।

5. 'ਤੁਜ਼ਕਿ ਜਹਾਂਗੀਰੀ' ਬਾਦਸ਼ਾਹ ਦੀ ਸਵੈ ਜੀਵਨੀ ਨਹੀਂ ਉਹ ਇੱਕ ਰੋਜ਼ਨਾਮਚਾ ਹੈ। ਜੇ ਉਹ ਉਸ ਦੁਆਰਾ ਖੁਦ ਦਾ ਜੀਵਨ ਬਿਰਤਾਂਤ ਹੁੰਦਾ ਤਾ ਉਹ ਉਸ ਵਿੱਚ ਗੁਰੂਜੀ ਨਾਲ ਚੰਗੇ ਸਬੰਧਾਂ ਦੇ ਵਿਸ਼ੇ ਵਿੱਚ ਵੀ ਜ਼ਰੂਰ ਲਿਖਦਾ। ਜਿਵੇਂ ਗਵਾਲੀਅਰ ਦੇ ਕਿਲ੍ਹੇ ਵਿੱਚ ਆਪਣੇ ਲਈ ਗੁਰੂਜੀ ਤੋਂ ਇਬਾਦਤ ਕਰਵਾਉਣਾ, ਗਰੀਬ ਸਿੱਖ ਦੁਆਰਾ ਸੱਚੇ ਪਾਤਸ਼ਾਹ ਦੀ ਖੋਜ, ਚੰਦੂਨੂੰ ਗੁਰੂਜੀ ਦੇ ਹਵਾਲੇ ਕਰਨਾ, ਗੁਰੂਜੀ ਦੇ ਨਾਲ ਆਗਰਾ ਤੋਂ ਅੰਮ੍ਰਿਤਸਰ ਤੱਕ ਦੀ ਯਾਤਰਾ ਅਤੇ ਮਾਤਾ ਗੰਗਾ ਜੀ ਤੋਂ ਮੁਆਫੀ ਮੰਗਣਾ ਆਦਿ ਪ੍ਰਮੁੱਖ ਘਟਨਾਵਾਂ ਤਾਂ ਬਹੁਤ ਹੀ ਮਹੱਤਵਪੂਰਨ ਹਨ। ਇਨ੍ਹਾਂ ਦਾ ਸੰਕੇਤ ਤਾਂ ਹੋਣਾ ਹੀ ਚਾਹੀਦਾ ਸੀ, ਜੋ ਕਿ ਨਹੀਂ ਹੈ। ਇਸ ਤਰ੍ਹਾਂ ਇਹ ਰੋਜ਼ਨਾਮਚਾ ਹੈ, ਸਵੈ-ਜੀਵਨੀ ਨਹੀਂ ਸੀ।

ਜੇ ਉਹ ਉਸ ਸਮੇਂ ਮੈਂਨੂੰ ਬਗਾਵਤ ਦੇ ਇਲਜਾਮ ਕਾਰਣ ਮੌਤ ਦੀ ਸਜ਼ਾ ਦੇ ਦਿੰਦਾ ਤਾਂ ਅੱਜ ਮੇਰੇ ਥਾਂ ਤੇ ਖੁਸਰੌ ਹੀ ਬਾਦਸ਼ਾਹ ਹੁੰਦਾ, ਪਰ ਮੇਰੇ ਪਿਤਾ ਜੀ ਨੇ ਮੈਨੂੰ ਮੁਆਫ ਕਰ ਦਿੱਤਾ ਸੀ। ਹੁਣ ਮੈਂਨੂੰ ਕੀ ਫੈਸਲਾ ਕਰਨਾ ਚਾਹੀਦਾ ਹੈ? ਇਸ ਤਰ੍ਹਾਂ ਉਹ ਦੁਬਿਧਾ ਵਿਚ ਹੋਣ ਕਰਕੇ ਸ਼ਾਂਤ ਸੀ। ਸ਼ੇਖ ਅਹਿਮਦ ਆਦਿ ਨੇ ਬਾਦਸ਼ਾਹ ਦੀ ਖਾਮੋਸ਼ੀ ਨੂੰ ਮੌਤ ਦੀ ਸਜ਼ਾ ਦਾ ਅਰਥ ਦੇ ਕੇ ਖੁਸਰੋ ਨੂੰ ਤੁਰੰਤ ਮੌਤ ਦੇ ਘਾਟ ਉਤਾਰ ਦਿੱਤਾ ਇਸ ਦਾ ਵਿਚਾਰ ਸੀ ਕਿ ਬਾਦਸ਼ਾਹ ਸ਼ਰਾਬੀ ਹੈ । ਉਸ ਦੇ ਜੀਵਨ ਦਾ ਕੀ ਭਰੋਸਾ ਜੇ ਬਾਦਸ਼ਾਹ ਨਾ ਰਿਹਾ ਤਾਂ ਖੁਸਰੋ ਦੇ ਬਾਦਸ਼ਾਹ ਬਣਨ

ਦੀ ਪੂਰੀ ਸੰਭਾਵਨਾ ਹੈ। ਇਸ ਲਈ ਇਸ ਨੂੰ ਤੁਰੰਤ ਖਤਮ ਕਰ ਦਿਓ। ਇਸੇ ਵਿਅਕਤੀ ਨੇ ਕੋਤਵਾਲ ਰਾਹੀ ਚੰਦੂਲਾਲ ਨੂੰ ਝਾਂਸਾ ਦੇ ਕੇ ਮੂਰਖ ਬਣਾਇਆ ਗੁਰੂਜੀ ਦੇ ਹਤਿਆਕਾਂਡ ਨੂੰ ਚੰਦੂਦੀ ਘਰੇਲੂਦੁਸ਼ਮਣੀ ਨਾਲ ਜੋੜ ਕੇ ਜਨਤਾ ਨੂੰ ਗੁੰਮਰਾਹ ਕੀਤਾ।

## ਕੁਝ ਸ਼ੰਕਿਆ ਤੇ ਵਿਚਾਰ

ਮਨੁੱਖੀ ਸਮਾਜ ਵਿਚ ਹਰ ਇੱਕ ਮਨੁੱਖ ਦੇ ਕੁਝ ਮਿੱਤਰ ਤੇ ਕੁਝ ਦੁਸ਼ਮਣ ਵੀ ਜਰੂਰ ਹੁੰਦੇ ਹਨ। ਚਾਹੇ ਮਨੁੱਖ ਕਿੰਨਾ ਚੰਗਾ ਅਤੇ ਮਹਾਨ ਆਤਮਾ ਹੀ ਕਿਉਂ ਨਾ ਹੋਵੇ ਭਲੇ ਮਨੁੱਖ ਦੇ ਦਸ਼ਮਣ ਉਸ ਨਾਲ ਈਰਖਾ ਵਸ ਪੈਦਾ ਹੁੰਦੇ ਹਨ।ਉਨਾਂ ਦਾ ਨਿਸਾਨਾਂ ਮਹਾਪੁਰਸ਼ ਨੂੰ ਗੁੰਮਰਾਹ ਕਰਕੇ ਅਸਲੀ ਨਿਸ਼ਾਨੇ ਤੋਂ ਹਟਾਉਣਾ ਅਤੇ ਬਦਨਾਮ ਕਰਨਾ ਹੁੰਦਾ ਹੈ। ਕੁਦਰਤ ਦੇ ਇਨ੍ਹਾਂ ਨਿਯਮਾਂ ਅਨੁਸਾਰ ਗੁਰੂਅਰਜਨ ਦੇਵ ਜੀ ਦੇ ਵੀ ਕੁਝ ਦੁਸ਼ਮਣ ਗੁਰੂਜੀ ਦੇ ਮਹਾਨ ਕੰਮਾਂ ਦੇ ਕਰਕੇ ਹੀ ਸਨ। ਉਹ ਸਮੇਂ ਸਮੇਂ ਤੇ ਗੁਰੂਜੀ ਨੂੰ ਸੱਚ ਦੇ ਮਾਰਗ ਤੋਂ ਭਟਕਾਉਣਾ ਚਾਹੁੰਦੇ ਸਨ। ਪਰ ਦ੍ਰਿੜ ਇਰਾਦੇ ਵਾਲੇ ਗੁਰੂਜੀ ਹਰ ਵੇਲੇ ਅਡੋਲ ਰਹੇ। ਬੇਸ਼ਕ ਉਨ੍ਹਾਂ ਨੂੰ ਬਹੁਤ ਭਿਅੰਕਰ ਹਾਲਾਤਾਂ ਦਾ ਸਾਹਮਣਾ ਕਰਨਾਂ ਪਿਆ ਮਾਨਵ ਸਮਾਜ ਵਿਚ ਵੇਖਿਆ ਗਿਆ ਹੈ ਕਿ ਹਰ ਇਕ ਵਿਰੋਧੀ ਜਾਨੀ ਦੁਸ਼ਮਣ ਨਹੀਂ ਹੁੰਦਾ ਉਹ ਕੇਵਲ ਥੋੜੀ- ਬਹੁਤ ਹਾਨੀ ਪਹੁੰਚਾਉਂਣਾਂ ਚਾਹੁੰਦਾ ਹੈ ਨਾਂ ਕਿ ਹਤਿਆ ਕਰਨਾਂ ਜੇ ਕਿਸੇ ਵਿਅਕਤੀ ਵਿਸੇਸ਼ ਦੀ ਹੱਤਿਆ ਹੁੰਦੀ ਹੈ ਤਾਂ ਸ਼ੱਕ ਬਹੁਤ ਸਾਰੇ ਦੁਸ਼ਮਣਾ ਤੇ ਕੀਤਾ ਜਾਂਦਾ ਹੈ ਪਰ ਅਸਲੀ ਹਤਿਆਰਾ ਤਾਂ ਇੱਕ ਹੀ ਹੁੰਦਾ ਹੈ ਜਿਸ ਨੇ ਸਾਜਿਸ਼ ਰਚ ਕੇ ਹਤਿਆ ਨੂੰ ਅਸਲੀ ਰੂਪ ਦਿੱਤਾ ਹੁੰਦਾ ਹੈ ਦੂਜੇ ਦੁਸ਼ਮਣਾ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ ਕਿਉਕਿ ਉਨ੍ਹਾਂ ਦਾ ਹੱਤਿਆ ਕਾਂਡ ਨਾਲ ਕੋਈ ਸੰਬੰਧ ਨਹੀ ਹੁੰਦਾ।

6. ਉਨ੍ਹਾਂ ਦਿਨਾਂ ਵਿੱਚ ਸਮਰਾਟ (ਬਾਦਸ਼ਾਹ ਤਾਨਨਾਸ਼ਾਹ ਹੁੰਦੇ ਸਨ।ਉਨ੍ਹਾਂ ਨੂੰ ਜਨਤਾ ਦੇ ਸਾਹਮਣੇ ਅਪਾਣੀਆਂ ਗਲਤੀਆਂ ਦੇ ਲਈ ਜੁਆਬਦੇਹ ਹੋਣ ਦੀ ਕੋਈ ਮਜ਼ਬੂਰੀ ਨਹੀਂ ਹੁੰਦੀ ਸੀ। ਇਸ ਲਈ ਉਹ ਕਪਟ ਕਿਉਂ ਕਰੇਗਾ? ਜਦ ਉਹ ਆਪਣੇ ਪੁੱਤਰ ਨੂੰ ਮੌਤ ਦੀ ਸਜ਼ਾ ਦੇ ਸਕਦਾ ਹੈ, ਤਾਂ ਉਹ ਗੁਰੂਜੀ ਦੇ ਲਈ ਵੀ ਮੌਤ ਦਾ ਐਲਾਨ ਕਰ ਸਕਦਾ ਸੀ, ਪਰ ਉਸਨੇ ਗੁਰੂਜੀ ਨੂੰ ਕੇਵਲ ਇੱਕ ਲੱਖ ਰੁਪਏ ਦੰਡ ਹੀ ਸੁਣਾਇਆ ਸੀ। ਇਸ ਤੋਂ ਸਪਸ਼ਟ ਹੈ ਕਿ 'ਤੁਜ਼ਾਕਿ ਜਹਾਂਗੀਰੀ' ਨਾਮਕ ਰੋਜ਼ਨਾਮਚੇ ਦੀ ਇਬਾਰਤ ਝੂਠੀ ਹੈ।

## ਸ਼ੇਖ ਅਹਿਮਦ ਸਰਹਿੰਦੀ ਦੀ ਸ਼ਖਸ਼ੀਅਤ

ਸੇਖ ਅਹਿਮਦ ਸਰਹਿੰਦੀ ਨਖਸ਼ਬੰਦੀ ਸੰਪਰਦਾਇ ਦਾ ਮੁਖੀ ਸੀ। ਉਹ ਬਹੁਤ ਤੰਗ ਦਿਲ ਵਿਚਾਰ ਧਾਰਾ ਵਾਲਾ ਕੱਟੜ ਫਿਰਕਾਪ੍ਰਸਤ ਮੁਸਲਿਮ ਪ੍ਰਚਾਰਕ ਪੀਰ ਸੀ।ਉਹ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਪ੍ਰਸ਼ਾਸਨਿਕ ਸ਼ਕਤੀ ਦੀ ਵਰਤੋਂ ਕਰਨੀ ਠੀਕ ਮੰਨਦਾ ਸੀ। ਉਹ ਇਸ ਕੰਮ ਨਈ ਤਤਕਾਲੀਨ ਨੇਤਾਵਾਂ ਵਿਚ ਆਪਣਾ ਪ੍ਰਭਾਵ ਬਣਾਉਂਣਾ ਚਾਹੁੰਦਾ ਸੀ ਪਰ ਅਕਬਰ ਦੇ ਉਦਾਰਵਾਦੀ ਹੋਣ ਕਰਕੇ ਉਸ ਨੂੰ ਸਫਲਤਾ ਨਹੀਂ ਸੀ ਮਿਲੀ। ਇਤਫਾਕ ਦੀ ਗੱਲ ਹੈ ਕਿ ਸੱਤਾ ਪ੍ਰਾਪਤੀ ਦੇ ਚੱਕਰ ਵਿਚ ਰਾਜ ਕੁਮਾਰ ਸਲੀਮ ਨੇ ਆਪਣੇ ਸੈਨਾਪਤੀ ਨਾਲ ਇਸ ਤੋਂ ਸਹਾਇਤਾ ਮੰਗੀ। (ਸ਼ੁਭ ਅਵਸਰ) ਮੌਕਾ ਪਾ ਕੇ ਸ਼ੇਖ ਅਹਿਮਦ ਨੇ ਸੱਤਾ ਪ੍ਰਾਪਤੀ ਦੇ ਬਾਅਦ ਪ੍ਰਸ਼ਾਸਨ ਦੁਆਰਾ ਇਸਲਾਮ ਦੇ ਪ੍ਰਚਾਰ

ਦਾ ਵਾਅਦਾ ਲੈ ਕੇ ਸਿੰਘਾਸਨ ਸਲੀਮ ਨੂੰ ਦਿਵਾਇਆ। ਇਸ ਤਰ੍ਹਾਂ ਇਸ ਨੇ ਕੇਵਲ ਪੀਰ-ਫਕੀਰ ਬਣਕੇ ਇਸਲਾਮ ਦੇ ਪ੍ਰਚਾਰ ਦਾ ਸੰਕਲਪ ਤਿਆਗ ਦਿੱਤਾ ।

ਹੁਣ ਇਸ ਦਾ ਉਦੇਸ਼ ਪੂਰੇ ਭਾਰਤ ਵਿਚ ਇੱਕ ਹੀ ਧਰਮ ਇਸਲਾਮ ਦਾ ਵਿਸਥਾਰ ਕਰਨਾ ਸੀ। ਇਸ ਨੂੰ ਆਪਣੇ ਸੁਪਨੇ ਨੂੰ ਪੂਰਾ ਕਰਨ ਵਿਚ ਸ੍ਰੀ ਗੁਰੂਨਾਨਕ ਦੇਵ ਜੀ ਦੁਆਰਾ ਚਲਾਈ ਹੋਈ ਸਿੱਖੀ ਲਹਿਰ ਬਹੁਤ ਵੱਡੀ ਰੁਕਾਵਟ ਜਾਪਣ ਲੱਗੀ ਕਿਉਂਕਿ ਉਨ੍ਹਾਂ ਦੇ ਸਿਧਾਂਤਾ ਨੂੰ ਸ੍ਰੀ ਗੁਰੂਅਰਜਨ ਦੇਵ ਜੀ ਆਮ ਜਨਤਾ ਦੀ ਭਾਸ਼ਾ ਵਿਚ ਸਹਿਜ ਸਰਲ ਬਾਣੀ ਦੀ ਰਚਨਾ ਕਰਕੇ ਪ੍ਰਚਾਰ ਕਰ ਰਹੇ ਸਨ। ਇਸ ਲਈ ਉਹ ਅੰਦਰੋਂ ਗੁਰੂਅਰਜਨ ਦੇਵ ਜੀ ਨਾਲ ਈਰਖਾ ਕਰਨ ਲੱਗਾ ਸੋਚਣ ਲੱਗਾ ਕਿ ਗੁਰੂਜੀ ਨੂੰ ਆਪਣੇ ਰਸਤੇ ਤੋਂ ਕਿਵੇਂ ਹਟਾਵਾਂ? ਸਬਬੱ ਨਾਲ ਉਸਨੂੰ ਰਾਜਕੁਮਾਰ ਖੁਸਰੋ ਦੀ ਬਗਾਵਤ ਦੇਂ ਕਾਰਣ ਇਕ ਸਾਜਿਸ਼ ਰਚਣ ਤਾ ਮੌਕਾ ਮਿਲ ਹੀ ਗਿਆ। ਉਸਨੇ ਗੁਰੂਜੀ ਉਤੇ ਬੇਬੁਨਿਆਦ ਇਲਜ਼ਾਮ ਲਾਏ। ਉਸਨੇ ਆਪਣੇ ਇਸ ਘਿਨਾਉਣੀ ਸਾਜਿਸ਼ ਅਨੁਸਾਰ ਬਾਦਸ਼ਾਹ ਜਹਾਂਗੀਰ ਨੂੰ ਗੁੰਮਰਾਹ ਕੀਤਾ। ਬਾਦਸ਼ਾਹ ਦੇ ਨਾਲ ਪਹਿਲਾਂ ਤੋਂ ਹੀ ਹੋ ਚੁੱਕੀ ਗੁਪਤ ਸੰਧੀ ਦੇ ਆਧਾਰ ਤੇ ਗੁਰੂਦੇਵ ਜੀ ਨੂੰ ਇੱਕ ਲੱਖ ਰੁਪਏ ਦੇ ਦੰਡ ਦਾ ਆਦੇਸ਼ ਕਰਵਾਇਆ। ਰੁਪਏ ਦੰਡ ਨਾ ਦੇਣ ਦੀ ਸੂਰਤ ਵਿਚ ਗੁਰੂਜੀ ਨੂੰ (ਕਾਰਾਵਾਸ) ਜੇਲ ਦੀ ਸਜਾ ਦਿੱਤੀ ਜਾ ਸਕਦੀ ਸੀ ਪਰ ਇਸ ਨੇ ਖੁਦ ਹੀ ਦੰਡ ਨਾ ਭਰਨ ਤੇ ਗੁਰੂਜੀ ਦੇ ਸਾਹਮਣੇ ਦੋ ਸ਼ਰਤਾਂ ਰੱਖੀਆਂ — ਮੌਤ ਜਾਂ ਇਸਲਾਮ ਵਿਚੋ ਇੱਕ ਨੂੰ ਸਵੀਕਾਰ ਕਰੋ। ਇਸ ਸਾਜਿਸ਼ ਦੇ ਜਨਤਾ ਸਾਹਮਣੇ ਪ੍ਰਗਟ ਹੋਣ ਤੋਂ ਬਚਣ ਲਈ ਉਸਨੇ ਹੀ ਬਾਦਸ਼ਾਹ ਦੇ ਨਾਂ ਦੀ ਦੁਰਵਰਤੋਂ ਕੀਤੀ। ਬਾਦਸ਼ਾਹ ਵਲੋਂ ਝੂਠੀ ਇਬਾਰਤ ਤੁਜ਼ਾਕਿ- ਜਹਾਗੀਰੀ ਰੋਜ਼ਨਾਮਚੇ ਵਿਚ ਲਿਖਵਾਈ ਜਿਸ ਤੋਂ ਇਹ ਸਪਸਟ ਹੋਵੇ ਕਿ ਗੁਰੂਜੀ ਦੀ ਹਤਿਆ ਦਾ ਜ਼ਿੰਮੇਵਾਰ ਬਾਦਸ਼ਾਹ ਹੈ ਅਤੇ ਇਸ ਨੇ ਖੁਦ ਨੂੰ ਬਰੀ (ਨਿਰਦੋਸ਼) ਦਰਸਾਉਂਣ ਦੀ ਅਸਫਲ ਕੌਸ਼ਿਸ਼ ਕੀਤੀ।

ਅਕਬਰ ਵਾਂਗ ਹੀ ਉਸਦਾ ਪੋਤਾ ਖੁਸਰੋ ਵੀ ਬਹੁਤ ਉਦਾਰਵਾਦੀ ਸੀ। ਜੇ ਅਕਬਰ ਦੇ ਸਿੰਘਾਸਨ ਤੇ ਕਦੇ ਵੀ ਖੁਸਰੋ ਨੂੰ ਬੈਠਣ ਦਾ ਮੌਕਾ ਮਿਲ ਜਾਦਾ, ਤਾਂ ਸ਼ੇਖ ਅਹਿਮਦ ਉਸ ਨੂੰ ਆਪਣੇ ਉਦੇਸ਼ ਦੀ ਪ੍ਰਾਪਤੀ ਵਿਚ ਬਹੁਤ ਵੱਡੀ ਰੁਕਾਵਟ ਸਮਝਦਾ ਸੀ। ਇਸ ਲਈ ਉਸਨੇ ਮੌਕਾ ਮਿਲਦੇ ਹੀ ਉਸ ਨੂੰ ਖਤਮ ਕਰਵਾ ਦਿੱਤਾ। ਘਟਨਾ ਇਸ ਤਰ੍ਹਾਂ ਵਾਪਰੀ ਕਿ ਬਾਦਸ਼ਾਹ ਜਹਾਂਗੀਰ ਆਪਣੇ ਲੜਕੇ ਖੁਸਰੋ ਦੀ ਬਗਾਵਤ ਨੂੰ ਕੁਚਲਣ ਦੇ ਬਾਅਦ ਪੁੱਤਰ-ਮੋਹ ਵਿਚ ਵਿਚਾਰ ਕਰ ਰਿਹਾ ਸੀ ਕਿ ਮੈਂ ਵੀ ਆਪਣੇ ਪਿਤਾ ਦੇ ਵਿਰੁੱਧ ਬਗਾਵਤ ਕੀਤੀ ਹੋਣ ਕਰਕੇ ਸ਼ਾਂਤ ਸੀ। ਸ਼ੇਖ ਅਹਿਮਦ ਆਦਿ ਨੇ ਬਾਦਸ਼ਾਹ ਦੀ ਖਾਮੋਸ਼ੀ ਨੂੰ ਮੌਤ ਦੀ ਸਜ਼ਾ ਦਾ ਅਰਥ ਦੇ ਕੇ ਖੁਸਰੋ ਨੂੰ ਤੁਰੰਤ ਮੌਤ ਦੇ ਘਾਟ ਉਤਾਰ ਦਿੱਤਾ ਇਸ ਦਾ ਵਿਚਾਰ ਸੀ ਕਿ ਬਾਦਸ਼ਾਹ ਸ਼ਰਾਬੀ ਹੈ । ਉਸ ਦੇ ਜੀਵਨ ਦਾ ਕੀ ਭਰੋਸਾ ਜੇ ਬਾਦਸ਼ਾਹ ਨਾ ਰਿਹਾ ਤਾਂ ਖੁਸਰੋ ਦੇ ਬਾਦਸ਼ਾਹ ਬਣਨ ਦੀ ਪੂਰੀ ਸੰਭਾਵਨਾ ਹੈ। ਇਸ ਲਈ ਇਸ ਨੂੰ ਤੁਰੰਤ ਖਤਮ ਕਰ ਦਿਓ। ਇਸੇ ਵਿਅਕਤੀ ਨੇ ਕੋਤਵਾਲ ਰਾਹੀ ਚੰਦੂਲਾਲ ਨੂੰ ਝਾਂਸਾ ਦੇ ਕੇ ਮੂਰਖ ਬਣਾਇਆ ਗੁਰੂਜੀ ਦੇ ਹਤਿਆਕਾਂਡ ਨੂੰ ਚੰਦੂਦੀ ਘਰੇਲੂਦੁਸ਼ਮਣੀ ਨਾਲ ਜੋੜ ਕੇ ਜਨਤਾ ਨੂੰ ਗੁੰਮਰਾਹ ਕੀਤਾ।

## ਕੁਝ ਸ਼ੰਕਿਆ ਤੇ ਵਿਚਾਰ

ਮਨੁੱਖੀ ਸਮਾਜ ਵਿਚ ਹਰ ਇੱਕ ਮਨੁੱਖ ਦੇ ਕੁਝ ਮਿੱਤਰ ਤੇ ਕੁਝ ਦੁਸ਼ਮਣ ਵੀ ਜਰੂਰ ਹੁੰਦੇ ਹਨ। ਚਾਹੇ ਮਨੁੱਖ

ਕਿੰਨਾ ਚੰਗਾ ਅਤੇ ਮਹਾਨ ਆਤਮਾ ਹੀ ਕਿਉਂ ਨਾ ਹੋਵੇ ਭਲੇ ਮਨੁੱਖ ਦੇ ਦਸ਼ਮਣ ਉਸ ਨਾਲ ਈਰਖਾ ਵਸ ਪੈਦਾ ਹੁੰਦੇ ਹਨ।ਉਨਾਂ ਦਾ ਨਿਸਾਨਾਂ ਮਹਾਪੁਰਸ਼ ਨੂੰ ਗੁੰਮਰਾਹ ਕਰਕੇ ਅਸਲੀ ਨਿਸ਼ਾਨੇ ਤੋਂ ਹਟਾਉਣਾ ਅਤੇ ਬਦਨਾਮ ਕਰਨਾ ਹੁੰਦਾ ਹੈ। ਕੁਦਰਤ ਦੇ ਇਨ੍ਹਾਂ ਨਿਯਮਾਂ ਅਨੁਸਾਰ ਗੁਰੂਅਰਜਨ ਦੇਵ ਜੀ ਦੇ ਵੀ ਕੁਝ ਦੁਸ਼ਮਣ ਗੁਰੂਜੀ ਦੇ ਮਹਾਨ ਕੰਮਾਂ ਦੇ ਕਰਕੇ ਹੀ ਸਨ। ਉਹ ਸਮੇਂ ਸਮੇਂ ਤੇ ਗੁਰੂਜੀ ਨੂੰ ਸੱਚ ਦੇ ਮਾਰਗ ਤੋਂ ਭਟਕਾਉਣਾ ਚਾਹੁੰਦੇ ਸਨ। ਪਰ ਦ੍ਰਿੜ ਇਰਾਦੇ ਵਾਲੇ ਗੁਰੂਜੀ ਹਰ ਵੇਲੇ ਅਡੋਲ ਰਹੇ। ਬੇਸ਼ਕ ਉਨ੍ਹਾਂ ਨੂੰ ਬਹੁਤ ਭਿਅੰਕਰ ਹਾਲਾਤਾਂ ਦਾ ਸਾਹਮਣਾ ਕਰਨਾਂ ਪਿਆ ਮਾਨਵ ਸਮਾਜ ਵਿਚ ਵੇਖਿਆ ਗਿਆ ਹੈ ਕਿ ਹਰ ਇਕ ਵਿਰੋਧੀ ਜਾਨੀ ਦੁਸ਼ਮਣ ਨਹੀਂ ਹੁੰਦਾ ਉਹ ਕੇਵਲ ਥੋੜ੍ਹੀ- ਬਹੁਤ ਹਾਨੀ ਪਹੁੰਚਾਉਣਾਂ ਚਾਹੁੰਦਾ ਹੈ ਨਾਂ ਕਿ ਹਤਿਆ ਕਰਨਾਂ ਜੇ ਕਿਸੇ ਵਿਅਕਤੀ ਵਿਸੇਸ਼ ਦੀ ਹੱਤਿਆ ਹੁੰਦੀ ਹੈ ਤਾਂ ਸ਼ੱਕ ਬਹੁਤ ਸਾਰੇ ਦੁਸ਼ਮਣਾ ਤੇ ਕੀਤਾ ਜਾਂਦਾ ਹੈ ਪਰ ਅਸਲੀ ਹਤਿਆਰਾ ਤਾਂ ਇੱਕ ਹੀ ਹੁੰਦਾ ਹੈ ਜਿਸ ਨੇ ਸਾਜਿਸ਼ ਰਚ ਕੇ ਹਤਿਆ ਨੂੰ ਅਸਲੀ ਰੂਪ ਦਿੱਤਾ ਹੁੰਦਾ ਹੈ ਦੂਜੇ ਦੁਸ਼ਮਣਾ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ ਕਿਉਕਿ ਉਨ੍ਹਾਂ ਦਾ ਹੱਤਿਆ ਕਾਂਡ ਨਾਲ ਕੋਈ ਸੰਬੰਧ ਨਹੀ ਹੁੰਦਾ।

ਵਰਤਮਾਨ ਯੁੱਗ ਵਿਚ ਕਿਸੇ ਹਤਿਆਕਾਂਡ ਦੀ ਨਿਆਂਇਕ ਜਾਂਚ ਕਰਵਾਉਣ ਲਈ ਕੋਈ ਜਾਂਚ ਆਯੋਗ ਬਿਠਾਇਆ ਜਾਂਦਾ ਹੈ ਤਾਂ ਉਹ ਛੜਯੰਤਰਕਾਰੀਆਂ ਅਤੇ ਹੱਤਿਆ ਕਰਨ ਵਾਲੇ ਅਪਰਾਧੀਆਂ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ। ਮਖਤੂਲ ਦੇ ਬਾਕੀ ਦੇ ਦੁਸ਼ਮਣਾਂ ਨੂੰ ਬਿਲਕੁਲ ਵੀ ਨਹੀ ਉਲਝਾਇਆ ਜਾਂਦਾ, ਕਿਓਂਕਿ ਅਜਿਹਾ ਕਰਨ ਨਾਲ ਹਤਿਆ ਕਾਂਡ ਦਾ ਕੇਸ ਕਮਜੋਰ ਅਤੇ ਸ਼ੱਕੀ ਹੋ ਜਾਂਦਾ ਹੈ। ਇਸ ਤੋਂ ਲਾਭ ਉਠਾਉਂਦੇ ਹੋਏ ਅਸਲੀ ਹਤਿਆਰੇ ਸ਼ੱਕ ਦੇ ਆਧਾਰ ਤੇ ਬੱਚ ਕੇ ਨਿਕਲਣ ਵਿਚ ਸਫਲ ਹੋ ਜਾਂਦੇ ਹਨ। ਠੀਕ ਇਸੇ ਤਰਾਂ ਸ੍ਰੀ ਗੁਰੂਅਰਜਨ ਦੇਵ ਦੇ ਹਤਿਆ ਕਾਂਡ ਨੂੰ ਆਧੁਨਿਕ ਸਮੇਂ ਵਿਚ ਜਾਂਚ ਦੇ ਲਈ ਭੇਜਿਆ ਜਾਵੇ ਤਾਂ ਅਖੌਤੀ ਵਿਦਵਾਂਨਾ ਦੁਆਰਾ ਹਤਿਆਰਿਆਂ ਦੀ ਸੂਚੀ ਬਹੁਤ ਲੰਬੀ ਬਣ ਸਕਦੀ ਹੈ। ਜਿਨ੍ਹਾਂ ਵਿਚ ਪ੍ਰਿਥੀਚੰਦ, ਬੀਰਬਲ (ਮਹੇਸ਼ਦਾਸ) ਭਗਤ ਕਾਹਨਾ ਜੀ, ਪੀਲੂਜੀ, ਚੰਦੂਲਾਲ, ਬਾਦਸ਼ਾਹ ਜਹਾਂਗੀਰ, ਮੁਰਤਜਾ ਖਾਨ, ਸ਼ੇਖ ਫਰੀਦ ਬੁਖਾਰੀ ਅਤੇ ਸ਼ੇਖ ਅਹਿਮਦ ਸਰਹਿੰਦੀ ਦੇ ਨਾਂ ਪ੍ਰਮੁੱਖ ਹਨ। ਪਰ ਜਾਂਚ ਆਯੋਗ ਕੇਵਲ ਉਨ੍ਹਾਂ ਅਪਰਾਧੀਆਂ ਨੂੰ ਆਪਣੇ ਦਾਇਰੇ ਵਿਚ ਲਵੇਗਾ ਜਿਹੜੇ ਛੜਯੰਤਕਾਰੀ ਸਨ ਜਾਂ ਪ੍ਰਤੱਖ ਹਥਿਆਰੇ ਬਾਕੀ ਦੁਸ਼ਮਣਾਂ ਨੂੰ ਉਹ ਆਪਣੀ ਜਾਂਚ ਦੇ ਦਾਇਰੇ ਵਿਚ ਨਹੀ ਲੈਣਗੇ, ਕਿਉਂਕਿ ਉਨ੍ਹਾਂ ਵਿਚੋਂ ਬਹੁਤੇ ਹਤਿਆਕਾਡ ਦੇ ਸਮੇਂ ਕਾਲਵੱਸ ਹੋ ਚੁੱਕੇ ਸਨ ।ਜਿਵੇਂ ਪ੍ਰਿਥਵੀ ਚੰਦ, ਬੀਰਬਲ, ਭਗਤ ਕਾਹਨਾ ਆਦਿ ਅਸਲ ਵਿੱਚ ਸਾਡੇ ਅਖੰਤੀ ਵਿਦਵਾਨਾਂ ਨੂੰ ਵਰਤਮਾਨ ਨਿਆ ਦੀ ਪ੍ਰਕਿਰਿਆ ਬਾਰੇ ਗਿਆਨ ਨਹੀਂ ਹੈ ਕਿ ਉਹ ਭੋਲੇਪਨ ਵਿਚ ਸ਼ੱਕੀ ਦੁਸ਼ਮਣਾਂ ਦੀ ਸੂਚੀ ਨੂੰ ਵਿਸਥਾਰ ਰੂਪ ਦੇ ਕੇ ਅਸਲੀ ਹਤਿਆਰੇ ਨੂੰ ਮੁਆਫੀ ਦਾ ਦਾਨ ਦੇ ਰਹੇ ਹਨ। ਜੇ ਅਸੀ ਸ਼ਹੀਦੀ ਦੇ ਕਾਰਣ ਅਤੇ ਸ਼ਹੀਦੀ ਦੀ ਪਰਿਭਾਸ਼ਾ ਨੂੰ ਜਾਣੇ ਬਿਨ੍ਹਾਂ ਇਨ੍ਹਾਂ ਲੋਕਾਂ ਦੇ ਨਾਂ ਗੁਰੂਦੇਵ ਜੀ ਦੀ ਸ਼ਹਾਦਤ ਨਾਲ ਜੋੜਾਂਗੇ ਤਾਂ 'ਸਹੀਦੀ' ਸ਼ਹੀਦੀ ਦੀ ਪ੍ਰੀਭਾਸ਼ਾ ਤੇ ਖਰੀ ਨਹੀਂ ਉਤਰਦੀ ਬਲਕਿ ਘਰੇਲੂਕਲੇਸ਼ ਅਥਵਾ ਆਪਸੀ ਈਰਖਾ ਆਦਿ ਸਪਸ਼ਟ ਦਿਖਾਈ ਦੇਂਦੀ ਹੈ ਜਦਕਿ ਗੁਰੂਦੇਵ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਕਿਸੇ ਵਿਸ਼ੇਸ ਆਦਰਸ਼ ਲਈ ਦਿੱਤੀ ਸੀ। ਜੇਕਰ ਅਸੀਂ ਬਿਨ੍ਹਾਂ ਸੋਚੇ-ਸਮਝੇ ਅਫਵਾਹਾਂ ਦੇ ਅਨੁਸਾਰ ਇਤਿਹਾਸ ਸੁਣਾਇਆ ਤਾਂ ਗੁਰੂਜੀ ਦੀ ਸ਼ਹੀਦੀ ਨੂੰ ਲੋਕ ਆਤਮ-ਹੱਤਿਆ ਸਮਝਣ ਲੱਗ ਜਾਣਗੇ ਜਿਵੇਂ ਕਿ ਕੁੱਝ ਅਖੌਤੀ ਵਿਦਵਾਨ ਆਪਣੇ ਪ੍ਰਸੰਗਾਂ ਵਿਚ ਸੁਣਾਉਂਦੇ ਹਨ ਕਿ ਗੁਰੂਜੀ ਨੇ ਇੱਛਾ ਪ੍ਰਗਟ

ਕੀਤੀ ਸੀ ਕਿ ਉਹ ਰਾਵੀ ਨਦੀ ਵਿਚ ਇਸ਼ਨਾਨ ਕਰਨਾਂ ਚਾਹੁੰਦੇ ਹਨ ।ਇਸ ਤਰ੍ਹਾਂ ਉਹ ਇਸ਼ਨਾਨ ਕਰਨ ਗਏ ਪਰ ਨਦੀ ਤੋਂ ਵਾਪਸ ਨਹੀਂ ਪਰਤੇ।

ਇਸ਼ਨਾਨ ਕਰਨ ਦੀ ਇੱਛਾ ਇੱਕ ਤੰਦਰੁਸਤ ਮਨੁੱਖ ਹੀ ਕਰ ਸਕਦਾ ਹੈ। ਇਸ ਦੇ ਉਲਟ ਓਹ ਮਨੁੱਖ ਜਿਸ ਨੂੰ ਗਰਮ ਲੋਹ ਤੇ ਬਿਠਾਇਆ ਗਿਆ ਹੋਵੇ, ਸਿਰ ਤੇ ਗਰਮ ਰੇਤ ਪਾਈ ਗਈ ਹੋਵੇ ਅਤੇ ਫਿਰ ਦੇਗ ਵਿਚ ਉਬਾਲਿਆ ਗਿਆ ਹੋਵੇ, ਕਿਸ ਤਰ੍ਹਾਂ ਜੀਵਿਤ ਰਹਿ ਸਕਦਾ ਹੈ? ਪਾਠਕ ਆਪ ਹੀ ਵਿਚਾਰਨ ।

ਸ਼ੇਖ ਅਹਿਮਦ ਸਰਹਿੰਦੀ ਦੀ ਚਿੱਠੀ ਜੋ ਉਸਨੇ ਗੁਰਦੇਵ ਜੀ ਦੀ ਸ਼ਹਾਦਤ ਮਗਰੋਂ ਪ੍ਰਸੰਨਤਾ ਵਜੋਂ ਲਿਖੀ ਸੀ।

ਗੋਇੰਦਵਾਲ ਨਗਰ ਦੇ ਇਸ ਭ੍ਰਿਸ਼ਟ ਕਾਫਰ (ਗੁਰੂਅਰਜਨ ਦੇਵ ਜੀ) ਦੀ ਸ਼ਹਾਦਤ ਸਾਡੀ ਇੱਕ ਵੱਡੀ ਪ੍ਰਾਪਤੀ ਅਤੇ ਜਿੱਤ ਹੈ ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਵੀ ਇੱਕ ਵੱਡੀ ਤੇ ਜਲਾਲਤ ਭਰੀ ਹਾਰ ਹੋਈ ਹੈ। ਭਾਵੇ ਉਸ ਨੂੰ ਕਿਸੇ ਤਰ੍ਹਾਂ ਮਾਰਿਆ ਗਿਆ। ਕਿਸੇ ਕਾਰਣ ਅਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ, ਇਸ ਨਾਲ ਸਮੂਹ ਕਾਫਰਾਂ ਦਾ ਭਾਰੀ ਨੁਕਸਾਨ ਹੋਇਆ ਹੈ, ਸਮੂਹ ਮੁਸਲਮਾਨਾਂ ਲਈ ਇਹ ਬੜੀ ਫਾਇਦੇ ਅਤੇ ਵਾਧੇ ਦੀ ਘਟਨਾ ਹੈ, ਇਸ ਕਾਫ਼ਰ ਦੀ ਸ਼ਹਾਦਤ ਤੋਂ ਪਹਿਲਾਂ ਮੈਨੂੰ ਇੱਕ ਬੜਾ ਚੰਗਾ ਸੁਪਨਾ ਵੀ ਆਇਆ ਸੀ, ਜਿਸ ਵਿਚ ਮੈਂ ਤੱਕਿਆ ਸੀ ਕਿ ਬਾਦਸ਼ਾਹ ਜਹਾਂਗੀਰ ਨੇ ਕੁਫਰ ਦਾ ਸਿਰ ਕੁਚਲ ਦਿੱਤਾ ਹੈ ਇਸ ਵਿਚ ਸ਼ੱਕ ਹੀ ਨਹੀਂ ਕਿ ਇਹ ਕਾਫਰ (ਗੁਰੂਅਰਜਨ ਦੇਵ ਜੀ) ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫਰਾਂ ਦਾ ਵੱਡਾ ਮੁਖੀ ਸੀ।

## ਲਗਾਤਾਰ ਪੰਜ ਦਿਨ ਤਸੀਏ ਦੇਣ ਦੀ ਵਿਚਾਰ ਝੂਠੀ

ਸ਼ਿਰੋਮਣੀ ਕੇਮਟੀ ਦੁਆਰਾ ਪ੍ਰਕਾਸ਼ਿਤ ਕੈਲੰਡਰ ਦੇ ਅਨੁੰਸਾਰ ਸ਼੍ਰੀ ਗੁਰੂਅਰਜਨ ਦੇਵ ਜੀ ਜਿਸ ਦਿਨ ਅਮ੍ਰਿਤਸਰ ਤੋਂ ਲਾਹੌਰ ਨਗਰ ਲਈ ਰਵਾਨਾ ਹੋਵੇ ਸੀ, ਠੀਕ ਉਸ ਤੋਂ ਪੰਜਵੇਂ ਦਿਨ ਸ਼ਹੀਦ ਕਰ ਦਿਤੇ ਗਏ ਸਨ। ਉਨ੍ਹਾਂ ਦਾ ਮਨਣਾਂ ਹੈ ਕਿ ਦੋ ਦਿਨ ਉਨ੍ਹਾਂ ਦੇ ਰਾਸਤੇ ਦੇ ਸਫਰ ਵਿਚ ਵਿਅਤੀਤ ਹੋਏ ਅਗਲੇ ਦਿਨ ਉਨ੍ਹਾਂ ਨੇ ਲਾਹੌਰ ਪਹੁੰਚ ਕੇ ਸਰਕਾਰੀ ਤੰਤ੍ਰ ਨੂੰ ਆਪਣੇ ਹਾਜ਼ਰ ਹੋਣੇ ਦੀ ਖ਼ਬਰ ਦੀਤੀ। ਚੌਥੇ ਦਿਨ ਉਨ੍ਹਾਂ ਦੀ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿਚ ਪੇਸ਼ੀ ਹੋਈ ਤਦ ਉਨ੍ਹਾਂ ਤੇ ਦੰਡ ਲਗਾਇਆ ਗਿਆ। ਉਸ ਰਾਤ ਉਨ੍ਹਾਂ ਨੂੰ ਚੰਦੂਲਾਲ, ਰਾਜਪਾਲ ਮੁਰਤਜ਼ਾ ਖਾਨ ਤੋਂ ਅਪਣੇ ਘਰ ਲੇ ਗਿਆ ਜਿਥੇ ਉਸਨੇ ਗੁਰੂਜੀ ਨੂੰ ਅਪਨੀ ਪੁਤਰੀ ਦਾ ਰਿਸ਼ਤਾ ਉਨ੍ਹਾਂ ਦੇ ਸਪੁਤਰ ਦੇ ਲਈ ਪ੍ਰਵਾਨ ਕਰਨੇ ਦਾ ਦਬਾਵ ਪਾਇਆ ਪਰ ਰਿਸ਼ਤਾ ਨ ਸਵੀਕਾਰ ਹੋਣ ਤੇ ਉਸ ਨੇ ਅਗਲੀ ਸਵੇਰ ਗੁਰੂਜੀ ਨੂੰ ਸਰਕਾਰੀ ਤੰਤ੍ਰ ਨੂੰ ਸੋਂਪ ਦਿਤਾ। ਜਿਥੇ ਉਨ੍ਹਾਂ ਨੂੰ ਇਸਲਾਮ ਪ੍ਰਵਾਨ ਕਰਣ ਲਈ ਮਜ਼ਬੂਰ ਕੀਤਾ ਗਿਆ ਇਸ ਲਈ ਉਨ੍ਹਾਂ ਨੂੰ ਤਸੀਏ ਦਿਤੇ ਗਏ। ਜਿਸ ਕਾਰਣ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਤੇ ਸਰਕਾਰੀ ਤੰਤ੍ਰ ਨੇ ਇਸ ਘਿਣੌਣੇ

ਅਪਰਾਧ ਨੂੰ ਛਿਪਾਉਣ ਦੇ ਲਈ ਉਸੀ ਪਜਵੀਂ ਰਾਤ ਨੂੰ ਗੁਰੁਦੇਵ ਦਾ ਪਾਰਥਿਵ ਸ਼ਰੀਰ ਰਾਵੀ ਨਦੀ ਵਿਚ ਰੋੜ ਦਿਤਾ।

## ਲੇਖਕ ਹਰਿੰਦਰ ਸਿੰਘ ਮਹਿਬੂਬ ਦੀ ਦ੍ਰਿਸ਼ਟੀ ਵਿਚ

"ਤੁਜਾਕਿ ਜਹਾਂਗੀਰੀ' ਨਾਮਕ ਰੋਜਨਾਮਚੇ ਦੀ ਇਬਾਰਤ ਦਾ ਵਿਸ਼ਲੇਸ਼ਣ ਕਰਦੇ ਹੋਏ ਪ੍ਰੋਫੈਸਰ ਹਰਿੰਦਰ ਸਿੰਘ 'ਮਹਿਬੂਬ' ਅਪਣੀ ਪੁਸਤਕ 'ਸਹਿਜੇ ਰਚਿਓ ਖਾਲਸਾ' ਨਾਮਕ ਪੁਸਤਕ ਦੇ ਅਧ ਵਿਚ ਲਗਭਗ 50 ਵਰਕਿਆਂ ਤੋਂ ਜਿਆਦਾ ਅੰਦਰ ਇਸ ਇਬਾਰਤ ਦੀ ਜਾਲ-ਸਾਜ਼ੀ ਨੂੰ ਸਪਸ਼ਟ ਕਰਣ ਲਈ ਲਿਖਦੇ ਹਨ ਕਿ ਇਹ ਇਬਾਰਤ ਬਿਲਕੁਲ ਝੂਠੀ ਅਤੇ ਗੁਮਰਾਹ ਕਰਣ ਵਾਲੀ ਹੈ। ਇਸ ਲਈ ਇਸ ਦੇ ਚਕ੍ਰਵਯੂਵਿਚ ਨ ਫਸਿਆ ਜੇ ਕਿਉਂ ਕਿ ਸਾਜਿਸ਼ ਕਰਤਾ ਨੇ ਆਪਣੇ ਨੂੰ ਬਰੀ ਕਰਣ ਲਈ ਇਹ ਇਬਾਰਤ ਬਾਦਸ਼ਾਹ ਦੇ ਨਾਂ ਦਾ ਇਸਤੇਮਾਲ ਕਰਕੇ ਇਕ ਜਾਲ-ਸਾਜੀ ਕੀਤੀ ਹੋਈ ਹੈ।

## ਆਪਣੇ ਅਖੌਤੀ ਵਿਦਵਾਨਾਂ ਦੁਆਰਾ ਫੈਲਾਈ ਗਈ ਅਫਵਾਵਾਂ

ਆਮਤੌਰ ਤੇ ਅਖੌਤੀ ਵਿਦਵਨਾਂ-ਭਾਵ ਇਹ ਕਿ ਰਾਗੀ, ਢਾਢੀ, ਕਵਿਆਂ, ਕਥਾ-ਵਾਚਕ ਇਤਿਆਦਿ ਲੋਕਾਂ ਦੇ ਮੁੱਖ ਤੋਂ ਸੁਣਦੇ ਚਲੇ ਆ ਰਹੇ ਹਾਂ ਕਿ ਗੁਰਦੇਵ ਜੀ ਦੇ ਸ਼ਹੀਦੀ ਵਰਤਾਂਤ ਸਮੇਂ ਅਤਿ ਗ੍ਰਮੀ ਦਾ ਪ੍ਰਕੋਪ ਬੜਿਆ ਹੋਇਆ ਸੀ, ਭਾਵ, ਵਾਤਾਵਰਣ ਵੀ ਗਰਮ ਸੀ ਇਸ ਤੋਂ ਇਲਾਵਾ ਸਾਰੇ ਲੋਕਾਂ ਨੇ ਵੀ ਗਰਮੀ ਖਾਦੀ ਹੋਈ ਸੀ, ਉਦਾਹਰਣ ਵਜੋ- ਮੌਸਮ ਤੱਤਾ, ਹਕੂਮਤ ਤੱਤੀ, ਪ੍ਰਥੀ ਚੰਦ ਤੱਤਾ, ਭਾਭੀ ਕਰਮੋਂ ਤੱਤੀ, ਚੰਦੂ ਤੱਤਾ, ਚੰਦੂਇਣ ਵੀ ਤੱਤੀ ਆਦਿ-ਆਦਿ।

ਐਸੇ ਭਾਵੁਕ ਲੱਛੇਦਾਰ ਸ਼ਬਦਾਵਲੀ ਨਾਲ ਉਹ ਸੰਗਤ ਨੂੰ ਇਤਨਾਂ ਦ੍ਰਵਿਤ ਕਰਦੇ ਹਨ ਕਿ ਲੋਕ ਉਨ੍ਹਾਂ ਨੂੰ ਵਿਦਵਾਨ ਜਾਣ ਕੇ ਖੂਬ ਮਾਇਆ ਭੇਂਟ ਵਿਚ ਦੇਂਦੇ ਹਨ।

ਅਨੁਵਾਦਕ
ਬੀਬੀ ਸਤਬੀਰ ਕੌਰ

ਆਪ ਜੀ ਦਾ ਸ਼ੁਭ ਚਿੰਤਕ
ਲੇਖਕ-ਜਸਬੀਰ ਸਿੰਘ

**ਸਮਾਪਤ**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜ੍ਹੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।
ਨੋਟ :- ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।
ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।
ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਨੋਟ:-

1. जेकर कोई इस नूं दूबारा प्रकाशित करवाना चाहे तां उह इस नूं मुफ़त वंड सकदा है।

ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।

2. यदि कोई इसे पुनः प्रकाशित करवाना चाहे तो वह निःशुल्क बटवा सकता है।

**Download Free**